ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 51

ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 21 February, 2026) ਸ਼ਨੀਵਾਰ , 21 ਫਰਵਰੀ, 2026, 10 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ
ਚੜ੍ਹਦੀਕਲਾ
ਵੱਲੋਂ
ਬਾਬਾ ਮੋਤੀ ਰਾਮ ਮਹਿਰਾ ਜੀ
ਦੇ ਸ਼ਹੀਦੀ ਦਿਵਸ ਮੌਕੇ
ਕੋਟਿ-ਕੋਟਿ ਪ੍ਰਣਾਮ

ਕੌਮਾਂਤਰੀ

## ਮਾਂ ਬੋਲੀ ਦਿਵਸ
ਦੀਆਂ
ਲੱਖ-ਲੱਖ ਵਧਾਈਆਂ




ਆਪਣੀ ਮਾਂ-ਬੋਲੀ ਨੂੰ ਪ੍ਰਣਾਇਆ ਮਨੁੱਖ ਹੀ ਚੰਗੇ ਗੁਣਾਂ, ਕਦਰਾਂ-ਕੀਮਤਾਂ ਅਤੇ ਸਿਆਣਪ ਦਾ ਧਾਰਨੀ ਹੁੰਦਾ ਹੈ। ਬਹੁਤ ਸਾਰੀਆਂ ਖੋਜਾਂ ਵੀ ਇਹ ਸਾਬਤ ਕਰ ਚੁੱਕੀਆਂ ਹਨ ਕਿ ਆਪਣੀ ਮਾਂ-ਬੋਲੀ 'ਚ ਨਿਪੁੰਨ ਵਿਅਕਤੀ ਕਿਸੇ ਵੀ ਭਾਸ਼ਾ ਨੂੰ ਸਹਿਜੇ ਹੀ ਗ੍ਰਹਿਣ ਕਰ ਸਕਦਾ ਹੈ।

ਗੁਰੂਆਂ, ਪੀਰਾਂ, ਸੰਤਾਂ, ਭਗਤਾਂ ਅਤੇ ਰਿਸ਼ੀਆਂ-ਮੁਨੀਆਂ ਦੀ ਵਰੋਸਾਈ "ਧਰਤ ਪੰਜਾਬ" ਤੋਂ ਉਪਜੇ ਬੋਲ ਮਹਾਨ ਗ੍ਰੰਥਾਂ ਦਾ ਰੂਪ ਧਾਰ ਕੇ ਲੋਕ-ਮਾਨਸਿਕਤਾ ਵਿੱਚ ਉੱਚ ਕਦਰਾਂ-ਕੀਮਤਾਂ ਪੈਦਾ ਕਰਦੇ ਆਏ ਹਨ। ਇਹ ਵਡਮੁੱਲੀਆਂ ਲਿਖਤਾਂ ਜਾਤ, ਮਜ਼ਹਬ ਅਤੇ ਫ਼ਿਰਕਿਆਂ ਦੀਆਂ ਤੰਗ ਵਲਗਣਾਂ ਤੋਂ ਉੱਪਰ ਉਠ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਅਨਮੋਲ ਅਤੇ ਅਮੋਲਕ ਵਿਰਸਾ ਬਣੀਆਂ ਹਨ।

ਮੈਨੂੰ ਆਪਣੀ ਮਾਂ-ਬੋਲੀ ਪੰਜਾਬੀ ਉਤੇ ਬਹੁਤ ਮਾਣ ਹੈ। ਦੇਸ਼-ਵਿਦੇਸ਼ 'ਚ ਵੱਸਦੇ ਪੰਜਾਬੀ ਆਪਣੀ ਸਮਰੱਥਾ ਅਨੁਸਾਰ ਮਾਂ-ਬੋਲੀ ਪੰਜਾਬੀ ਦਾ ਮਾਣ ਵਧਾਉਣ ਵਿੱਚ ਨਿੱਗਰ ਯੋਗਦਾਨ ਪਾ ਰਹੇ ਹਨ। ਇਸੇ ਕਰਕੇ ਪੰਜਾਬੀ ਮਾਂ-ਬੋਲੀ ਅੱਜ ਸੰਸਾਰ ਦੀਆਂ ਵਿਕਸਿਤ ਭਾਸ਼ਾਵਾਂ ਵਿੱਚ ਉੱਚਾ ਸਥਾਨ ਰੱਖਦੀ ਹੈ।

ਆਉ, ਅੱਜ **ਕੌਮਾਂਤਰੀ ਮਾਂ ਬੋਲੀ ਦਿਵਸ** ਮੌਕੇ ਆਪਣੀ ਮਾਂ-ਬੋਲੀ ਪੰਜਾਬੀ ਦਾ ਮਾਣ ਵਧਾਈਏ, ਆਪਣੀ ਭਾਸ਼ਾਈ ਅਮੀਰੀ ਨੂੰ ਸਾਂਭੀਏ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਰਾਹੀਂ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਕੌਮੀ ਏਕਤਾ ਨੂੰ ਹੋਰ ਮਜ਼ਬੂਤ ਕਰੀਏ।



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਪ੍ਰਧਾਨ ਮੰਤਰੀ ਵੱਲੋਂ ਏ.ਆਈ. ਅਤੇ ਡੀਪਟੈਕ ਸਟਾਰਟਅੱਪਸ ਦੇ ਸੀ.ਈ.ਓਜ਼ ਨਾਲ ਵਿਸ਼ੇਸ਼ ਚਰਚਾ



ਨਵੀਂ ਦਿੱਲੀ, 20 ਫਰਵਰੀ (ਚ.ਨ.ਸ.):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਏ.ਆਈ. ਅਤੇ ਡੀਪਟੈੱਕ ਸਟਾਰਟਅੱਪਸ ਦੇ ਸੀਈਓਜ਼ ਨਾਲ ਖੇਤੀਬਾੜੀ,ਵਾਤਾਵਰਣ ਸੁਰੱਖਿਆ ਅਤੇ ਮਾਤ ਭਾਸ਼ਾ ਵਿੱਚ ਉੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਰਗੇ ਵੱਖ-ਵੱਖ ਖੇਤਰਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਦੀ ਵਰਤੋਂ ਕਰਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨਾਲ ਇੱਕ ਗੋਲਮੇਜ਼ ਮੀਟਿੰਗ ਵਿੱਚ 16 ਏ.ਆਈ. ਅਤੇ ਡੀਪਟੈੱਕ ਸਟਾਰਟਅੱਪਸ ਦੇ ਸੀਈਓਜ਼ ਅਤੇ ਸੰਸਥਾਪਕਾਂ ਨੇ ਆਪਣੇ ਵਿਚਾਰ ਅਤੇ ਕੰਮ ਪੇਸ਼ ਕੀਤੇ। ਪ੍ਰਧਾਨ ਮੰਤਰੀ ਦਫ਼ਤਰ ਦੇ ਇੱਕ ਬਿਆਨ ਅਨੁਸਾਰ ਮੋਦੀ ਨੇ ਮਜ਼ਬੂਤ ਡੇਟਾ ਗਵਰਨੈਂਸ ਦੀ ਲੋੜ 'ਤੇ ਜ਼ੋਰ ਦਿੱਤਾ,ਗਲਤ ਜਾਣਕਾਰੀ ਵਿਰੁੱਧ ਚੇਤਾਵਨੀ ਅਤੇ ਭਾਰਤ ਦੀਆਂ ਜ਼ਰੂਰਤਾਂ ਦੇ ਅਨੁਸਾਰ ਤਿਆਰ ਕੀਤੇ ਹੱਲ ਵਿਕਸਿਤ ਕਰਨ ਦੀ ਅਪੀਲ ਕੀਤੀ। ਯੂ.ਪੀ.ਆਈ. ਨੂੰ ਸਧਾਰਨ ਅਤੇ ਸਕੇਲੇਬਲ ਡਿਜੀਟਲ ਨਵੀਨਤਾ ਦੇ ਮਾਡਲ ਵਜੋਂ ਦਰਸਾਉਂਦੇ ਹੋਏ,ਉਨ੍ਹਾਂ ਨੇ ਭਾਰਤੀ ਕੰਪਨੀਆਂ ਵਿੱਚ ਵਿਸ਼ਵਾਸ ਪ੍ਰਗਟਾਇਆ ਅਤੇ ਘਰੇਲੂ ਉਤਪਾਦਾਂ ਵਿੱਚ ਭਰੋਸਾ ਕਰਨ ਲਈ ਉਤਸ਼ਾਹਿਤ ਕੀਤਾ।

ਪ੍ਰਧਾਨ ਮੰਤਰੀ ਨੇ ਖੇਤੀਬਾੜੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਵੱਖ-ਵੱਖ ਖੇਤਰਾਂ ਵਿੱਚ ਏਆਈ ਤਕਨਾਲੋਜੀ ਦੀ ਵਰਤੋਂ ਕਰਨ ਦੀ ਸੰਭਾਵਨਾ 'ਤੇ ਚਰਚਾ ਕੀਤੀ,ਜਿਸ ਵਿੱਚ ਮਿੱਟੀ ਦੀ ਸਿਹਤ ਦੀ ਰੱਖਿਆ ਲਈ ਫਸਲਾਂ ਦੀ ਉਤਪਾਦਕਤਾ ਅਤੇ ਖਾਦ ਦੀ ਵਰਤੋਂ ਦੀ ਨਿਗਰਾਨੀ ਸ਼ਾਮਲ ਹੈ। ਭਾਗੀਦਾਰਾਂ ਨੇ 'ਇੰਡੀਆ ਏ.ਆਈ. ਇਮਪੈਕਟ ਸਮਿਟ' ਦੀ ਵੀ ਸ਼ਲਾਘਾ ਕੀਤੀ ਅਤੇ ਇਸ ਨੂੰ ਏਆਈ ਦੇ ਆਲੇ-ਦੁਆਲੇ ਗਲੋਬਲ ਗੱਲਬਾਤ ਨੂੰ ਰੂਪ ਦੇਣ ਵਿੱਚ ਦੇਸ਼ ਦੇ ਵਧਦੇ ਕੱਦ ਦਾ ਪ੍ਰਤੀਬਿੰਬ ਦੱਸਿਆ। ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਪੀ.ਕੇ. ਮਿਸ਼ਰਾ, ਪ੍ਰਮੁੱਖ ਸਕੱਤਰ-2 ਸ਼ਕਤੀਕਾਂਤ ਦਾਸ ਅਤੇ ਰਾਜ ਮੰਤਰੀ ਜਿਤਿਨ ਪ੍ਰਸਾਦ ਵੀ ਮੌਜੂਦ ਸਨ।

## ਯੂਥ ਕਾਂਗਰਸ ਵੱਲੋਂ ਏ.ਆਈ. ਸੰਮੇਲਨ ਵਿੱਚ ਨਾਅਰੇਬਾਜ਼ੀ

ਨਵੀਂ ਦਿੱਲੀ, 20 ਫਰਵਰੀ (ਚ.ਨ.ਸ.): ਇੰਡੀਅਨ ਯੂਥ ਕਾਂਗਰਸ ਦੇ ਵਰਕਰਾਂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਗਲੋਬਲ ਏ.ਆਈ. ਸੰਮੇਲਨ ਦੌਰਾਨ ਨਾਅਰੇਬਾਜ਼ੀ ਕੀਤੀ, ਜਿਸ ਨਾਲ ਭਾਰਤ ਮੰਡਪਮ ਵਿਖੇ ਹੋ ਰਹੇ ਇੱਕ ਉੱਚ ਪੱਧਰੀ ਅੰਤਰਰਾਸ਼ਟਰੀ ਸਮਾਗਮ ਵਿੱਚ ਵਿਘਨ ਪਾਉਣ ਨੂੰ ਲੈ ਕੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਯੂਥ ਕਾਂਗਰਸ ਦੇ ਵਰਕਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਪਹਿਨੀਆਂ ਹੋਈਆਂ ਸਨ ਅਤੇ ਉਹ ਸਮਾਗਮ ਵਾਲੀ ਥਾਂ 'ਤੇ 'PM is compromised' (ਪ੍ਰਧਾਨ ਮੰਤਰੀ ਸਮਝੌਤਾਬੱਧ ਹਨ) ਦੇ ਨਾਅਰੇ ਲਗਾ ਰਹੇ ਸਨ। ਇਸ ਪ੍ਰਦਰਸ਼ਨ ਨੇ ਸੰਮੇਲਨ ਦੀ ਕਾਰਵਾਈ ਵਿੱਚ ਥੋੜ੍ਹੀ ਦੇਰ ਲਈ ਵਿਘਨ ਪਾਇਆ, ਜਿਸ ਵਿੱਚ ਨੀਤੀ ਘੜਨ ਵਾਲੇ, ਉਦਯੋਗਿਕ ਆਗੂ ਅਤੇ ਵਿਸ਼ਵ ਭਰ ਦੇ ਪ੍ਰਤੀਭਾਗੀ ਸ਼ਾਮਲ ਸਨ। ਵਿਰੋਧੀ ਧਿਰ ਦੇ ਯੂਥ ਵਿੰਗ ਦੀ ਇਸ ਕਾਰਵਾਈ ਨੇ ਸਿਆਸੀ ਸੰਦੇਸ਼ ਨੂੰ ਸਿੱਧਾ ਉਸ ਮੰਚ 'ਤੇ ਪਹੁੰਚਾ ਦਿੱਤਾ ਜਿਸ ਨੂੰ ਸਰਕਾਰ ਭਾਰਤ (ਬਾਕੀ ਸਫਾ 11 'ਤੇ)

## ਕੇਜਰੀਵਾਲ ਅਤੇ ਭਗਵੰਤ ਮਾਨ ਅੱਜ ਜਾਣਗੇ ਗੁਜਰਾਤ

ਚੰਡੀਗੜ੍ਹ, 20 ਫਰਵਰੀ (ਚ.ਨ.ਸ.): ਆਮ ਆਦਮੀ ਪਾਰਟੀ ਦੇ ਕੌਮੀਂ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੋ ਦਿਨਾਂ ਦੌਰੇ ਲਈ 21 ਫਰਵਰੀ ਤੋਂ ਗੁਜਰਾਤ ਜਾਣਗੇ। ਇਸ ਦੌਰਾਨ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਪਾਰਟੀ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਜਾਵੇਗਾ। ਇਸ ਤੋਂ ਇਲਾਵਾ ਅਹਿਮਦਾਬਾਦ ਵਿਖੇ ਭਾਰਤ ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਭਾਰਤ-ਅਮਰੀਕਾ ਵਿਚਕਾਰ ਹੋਣ ਵਾਲੇ ਵਪਾਰਕ ਸਮਝੌਤੇ ਨੂੰ ਕਿਸਾਨਾਂ ਲਈ ਖ਼ਤਰਨਾਕ ਦੱਸਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਭਾਰਤ ਅਮਰੀਕਾ ਵਿਚਕਾਰ ਵਪਾਰਕ ਸਮਝੌਤਾ ਹੋਣ ਨਾਲ ਪੰਜਾਬ ਦੀ ਕਿਸਾਨੀ ਤਬਾਹ ਹੋ ਜਾਵੇਗੀ ਅਤੇ ਦੇਸ਼ ਵਿੱਚ ਨਿੱਜੀਕਰਨ ਨੂੰ ਹੁਲਾਰਾ ਮਿਲੇਗਾ। ਮੁੱਖ ਮੰਤਰੀ ਮਾਨ ਅਤੇ ਕੇਜਰੀਵਾਲ ਇਸ ਦੌਰੇ ਰਾਹੀਂ ਗੁਜਰਾਤ ਦੀ ਧਰਤੀ ਤੋਂ ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨਗੇ।

### ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ-ਪਾਕਿ ਟਕਰਾਅ ਰੋਕਣ ਦਾ ਮੁੜ ਦਾਅਵਾ

# ਦੋਵਾਂ ਦੇਸ਼ਾਂ ਨੂੰ 200 ਫ਼ੀਸਦੀ ਟੈਕਸ ਲਗਾਉਣ ਦੀ ਧਮਕੀ ਦੇ ਕੇ ਜੰਗ ਰੁਕਵਾਈ: ਟਰੰਪ



ਨਿਊਯਾਰਕ/ਵਾਸ਼ਿੰਗਟਨ, 20 ਫਰਵਰੀ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਧਮਕੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਟਕਰਾਅ ਨਾ ਰੋਕਿਆ ਤਾਂ ਉਹ ਦੋਵਾਂ 'ਤੇ 200 ਫੀਸਦੀ ਟੈਕਸ ਲਗਾ ਦੇਣਗੇ।

ਉਨ੍ਹਾਂ ਨੇ ਇਸ ਦਾਅਵੇ ਨੂੰ ਮੁੜ ਦੁਹਰਾਇਆ ਕਿ ਉਨ੍ਹਾਂ ਨੇ ਦੋਵਾਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਗੁਆਂਢੀ ਦੇਸ਼ਾਂ ਵਿਚਾਲੇ ਜੰਗ ਰੋਕੀ ਸੀ। ਵਾਸ਼ਿੰਗਟਨ ਵਿੱਚ 'ਬੋਰਡ ਆਫ਼ ਪੀਸ' ਦੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਇਹ ਦਾਅਵਾ ਦੁਹਰਾਇਆ ਕਿ ਉਨ੍ਹਾਂ ਨੇ ਵ੍ਹਾਈਟ ਹਾਊਸ ਵਿੱਚ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦੇ ਅੰਦਰ ਅੱਠ ਜੰਗਾਂ ਨੂੰ ਰੋਕਿਆ ਹੈ। ਭਾਰਤ ਨੇ ਲਗਾਤਾਰ ਕਿਸੇ ਵੀ ਤੀਜੀ ਧਿਰ ਦੀ ਦਖਲਅੰਦਾਜ਼ੀ ਤੋਂ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਟਰੰਪ ਦੀ ਅਗਵਾਈ ਵਾਲੀ ਸੰਸਥਾ ਵਿੱਚ ਸ਼ਾਮਲ ਹੋਣ ਵਾਲੇ ਹੋਰ ਦੇਸ਼ਾਂ ਦੇ ਨੇਤਾਵਾਂ ਦੇ ਨਾਲ ਇਸ ਸਮਾਗਮ ਵਿੱਚ ਹਿੱਸਾ ਲਿਆ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਉਨ੍ਹਾਂ ਸੰਘਰਸ਼ਾਂ ਦੀ ਸੂਚੀ ਦਿੱਤੀ ਜਿਨ੍ਹਾਂ ਨੂੰ ਖਤਮ ਕਰਨ ਵਿੱਚ ਉਨ੍ਹਾਂ ਨੇ ਮਦਦ ਕੀਤੀ ਅਤੇ ਦੇਸ਼ਾਂ ਦੇ ਨਾਮ ਲੈਂਦੇ ਹੋਏ ਉਨ੍ਹਾਂ ਦੇ ਨੇਤਾਵਾਂ ਨੂੰ ਖੜ੍ਹੇ ਹੋਣ ਲਈ ਕਿਹਾ।

ਟਰੰਪ ਨੇ ਸ਼ਰੀਫ ਨੂੰ ਖੜ੍ਹੇ ਹੋਣ ਲਈ ਕਿਹਾ ਅਤੇ ਫਿਰ ਕਿਹਾ, 'ਮੈਂ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਨਾਲ ਗੱਲ ਕੀਤੀ ਹੈ। ਉਹ ਉਤਸ਼ਾਹਿਤ ਹਨ। ਉਹ ਇਸ ਸਮੇਂ ਸਾਨੂੰ ਦੇਖ ਰਹੇ ਹਨ।' ਟਰੰਪ ਨੇ ਕਿਹਾ,' ਪਾਕਿਸਤਾਨ ਅਤੇ ਭਾਰਤ, ਇਹ ਇੱਕ ਵੱਡਾ ਮਾਮਲਾ ਸੀ। ਮੈਨੂੰ ਲੱਗਦਾ ਹੈ ਕਿ ਤੁਹਾਨੂੰ ਅਸਲ ਵਿੱਚ ਖੜ੍ਹੇ ਹੋਣਾ ਚਾਹੀਦਾ ਹੈ,ਕਿਰਪਾ ਕਰਕੇ ਸਿਰਫ਼ ਇੱਕ ਸਕਿੰਟ ਲਈ ਖੜ੍ਹੇ ਹੋਵੋ। ਪਾਕਿਸਤਾਨ ਅਤੇ ਭਾਰਤ। ਤੁਹਾਡਾ ਬਹੁਤ-ਬਹੁਤ ਧੰਨਵਾਦ।' ਲੰਮੇ ਸੰਬੋਧਨ ਦੌਰਾਨ ਹੋਰ ਗੱਲਾਂ ਦੇ ਵਿਚਕਾਰ ਟਰੰਪ ਨੇ ਕਿਹਾ, 'ਉਨ੍ਹਾਂ ਵਿੱਚੋਂ ਬਹੁਤ ਸਾਰੇ ਕਹਿੰਦੇ ਹਨ, ਓਹ,ਉਹ ਨਹੀਂ ਲੜ ਰਹੇ ਸਨ'। (ਬਾਕੀ ਸਫਾ 11 'ਤੇ)

## ਭਾਰਤ 'ਤੇ ਬੇਤੁਕੇ ਟੈਕਸ ਲਗਾਉਣ ਦੇ ਬਹਾਨੇ ਲੱਭ ਰਹੇ ਨੇ ਟਰੰਪ: ਸ਼ਰਮਨ

ਨਿਊਯਾਰਕ, 20 ਫਰਵਰੀ (ਚ.ਨ.ਸ.):ਸੀਨੀਅਰ ਅਮਰੀਕੀ ਕਾਨੂੰਨਸਾਜ਼ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਰੂਸੀ ਤੇਲ ਖਰੀਦਣ ਲਈ ਭਾਰਤ 'ਤੇ ਬੇਤੁਕੇ ਟੈਕਸ ਲਗਾਉਣ ਦੇ ਬਹਾਨੇ ਲੱਭ ਰਹੇ ਹਨ। ਉਨ੍ਹਾਂ ਟਰੰਪ ਨੂੰ ਇਹ ਨੀਤੀ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਅਮਰੀਕੀ ਸੰਸਦ ਮੈਂਬਰ ਬ੍ਰੈਡ ਸ਼ਰਮਨ ਨੇ ਅੱਜ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, "ਰਾਸ਼ਟਰਪਤੀ ਟਰੰਪ ਭਾਰਤ 'ਤੇ ਬੇਤੁਕੇ ਟੈਰਿਫ ਲਗਾਉਣ ਲਈ ਬਹਾਨੇ ਘੜ ਰਹੇ ਹਨ।'' ਸ਼ਰਮਨ, ਜੋ ਸੰਸਦ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਨਾਲ-ਨਾਲ ਵਿੱਤੀ ਸੇਵਾਵਾਂ ਬਾਰੇ ਕਮੇਟੀ ਦੇ ਸੀਨੀਅਰ ਮੈਂਬਰ ਹਨ, ਨੇ ਆਪਣੀ ਪੋਸਟ ਵਿੱਚ ਕਿਹਾ ਕਿ ਟਰੰਪ ਦਾ (ਬਾਕੀ ਸਫਾ 11 'ਤੇ)

### ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੱਡੀ ਲਾਪਰਵਾਹੀ

# 8ਵੀਂ ਦੇ ਸਾਇੰਸ ਪੇਪਰ 'ਚ ਪੰਜਾਬੀ ਅਨੁਵਾਦ ਛਾਪਣਾ ਭੁੱਲਿਆ !

ਚੰਡੀਗੜ੍ਹ, 20 ਫਰਵਰੀ (ਚ.ਨ.ਸ.):ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਸ਼ੁੱਕਰਵਾਰ ਨੂੰ ਹੋਈ 8ਵੀਂ ਜਮਾਤ ਦੀ ਪ੍ਰੀਖਿਆ ਦੇ ਸਾਇੰਸ ਦੇ ਪੇਪਰ ਵਿੱਚ ਜਦੋਂ ਸਵੇਰੇ ਪ੍ਰਸ਼ਨ ਪੱਤਰ ਪ੍ਰੀਖਿਆ ਕੇਂਦਰਾਂ 'ਤੇ ਖੋਲ੍ਹਿਆ ਗਿਆ, ਤਾਂ 27 ਪ੍ਰਸ਼ਨ ਪੰਜਾਬੀ ਵਿੱਚ ਛਾਪੇ ਗਏ ਸਨ, ਜਦੋਂ ਕਿ ਅੰਗਰੇਜ਼ੀ ਅਤੇ ਹਿੰਦੀ ਵਿੱਚ 30 ਪ੍ਰਸ਼ਨ ਸਨ। ਜਦੋਂ ਇਹ ਮਾਮਲਾ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਤੱਕ ਪਹੁੰਚਿਆ, ਤਾਂ ਉਨ੍ਹਾਂ ਨੇ ਵ੍ਹਾਟਸਐਪ ਰਾਹੀਂ ਸੈਂਟਰ ਸੁਪਰਡੈਂਟਾਂ ਨੂੰ ਮੈਸੇਜ ਜਾਰੀ ਕੀਤਾ। ਮੈਸੇਜ ਵਿੱਚ ਕਿਹਾ ਗਿਆ ਸੀ ਕਿ ਡਿਊਟੀ 'ਤੇ ਮੌਜੂਦ ਅਧਿਆਪਕਾਂ ਨੂੰ ਕਿਹਾ ਜਾਵੇ ਕਿ ਪੰਜਾਬੀ ਮੀਡੀਅਮ ਦੇ ਵਿਦਿਆਰਥੀਆਂ ਤੋਂ ਤਿੰਨੋਂ ਪ੍ਰਸ਼ਨ ਪੰਜਾਬੀ ਵਿੱਚ ਲਿਖਵਾਓ ਤਾਂ ਜੋ ਉਹ ਪ੍ਰੀਖਿਆ ਦੇ ਸਕਣ।

ਇਹ ਮੈਸੇਜ ਕੁਝ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਿਆ, ਪਰ ਵਿਦਿਆਰਥੀਆਂ ਨੂੰ ਇਸ ਬਾਰੇ ਪਤਾ ਨਹੀਂ ਲੱਗਾ ਤਾਂ ਉਹ ਪ੍ਰਸ਼ਨ ਛੱਡ ਕੇ ਆ ਗਏ। ਅਧਿਆਪਕਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪੰਜਾਬੀ ਮੀਡੀਅਮ ਦੇ ਵਿਦਿਆਰਥੀਆਂ ਲਈ ਗ੍ਰੇਸ ਮਾਰਕਸ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਇਸ ਮਾਮਲੇ ਸੰਬੰਧੀ ਬੋਰਡ ਨੂੰ ਪੱਤਰ ਵੀ ਲਿਖਣੇ ਸ਼ੁਰੂ ਕਰ ਦਿੱਤੇ। ਦੱਸ ਦੇਈਏ ਕਿ ਪੰਜਾਬ ਸਕੂਲ ਸਿੱਖਿਆ ਬੋਰਡ 8ਵੀਂ, 10ਵੀਂ ਅਤੇ 12ਵੀਂ ਜਮਾਤ ਦੇ ਪ੍ਰਸ਼ਨ ਪੱਤਰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਛਾਪਦਾ ਹੈ, ਤਾਂ ਜੋ ਤਿੰਨੋਂ ਮੀਡੀਅਮ ਦੇ ਵਿਦਿਆਰਥੀ ਉਨ੍ਹਾਂ ਨੂੰ ਹੱਲ ਕਰ ਸਕਣ। ਤਿੰਨੋਂ ਮਾਧਿਅਮਾਂ ਦੇ ਵਿਦਿਆਰਥੀ ਆਪਣੀ ਭਾਸ਼ਾ ਵਿੱਚ ਪ੍ਰਸ਼ਨ ਪੱਤਰ ਪੜ੍ਹਦੇ ਅਤੇ ਹੱਲ ਕਰਦੇ ਹਨ। ਸਾਇੰਸ ਪੇਪਰ ਦੇ ਪੰਜਾਬੀ ਭਾਗ ਵਿੱਚ 27 ਪ੍ਰਸ਼ਨ ਹਨ। 27ਵੇਂ ਪ੍ਰਸ਼ਨ ਤੋਂ ਬਾਅਦ ਕੁਝ ਜਗ੍ਹਾ ਖਾਲੀ ਸੀ। ਹਿੰਦੀ ਅਤੇ (ਬਾਕੀ ਸਫਾ 11 'ਤੇ)

# ਪੰਜਾਬ 'ਚ ਸਰਦੀ ਆਖ਼ਰੀ ਪੜ੍ਹਾਅ 'ਤੇ, ਹੌਲੀ-ਹੌਲੀ ਗਰਮੀ ਦੀ ਦਸਤਕ ਵੀ ਸ਼ੁਰੂ

ਚੰਡੀਗੜ੍ਹ, 20 ਫਰਵਰੀ (ਚ.ਨ.ਸ.):ਪੰਜਾਬ ਅਤੇ ਚੰਡੀਗੜ੍ਹ 'ਚ ਠੰਢ ਦੀ ਲਹਿਰ ਹੁਣ ਆਪਣੇ ਆਖਰੀ ਪੜਾਅ 'ਚ ਪਹੁੰਚ ਗਈ ਹੈ। ਹੌਲੀ-ਹੌਲੀ ਪੰਜਾਬ ਵਿਚ ਗਰਮੀ ਦੀ ਦਸਤਕ ਵੀ ਸ਼ੁਰੂ ਹੋ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਤਾਪਮਾਨ 'ਚ ਹੁਣ ਤਬਦੀਲੀ ਵੇਖਣ ਨੂੰ ਮਿਲੇਗੀ। ਹਾਲਾਂਕਿ ਅੱਜ ਸ਼ੁੱਕਰਵਾਰ ਨੂੰ ਪਹਾੜਾਂ ਤੋਂ ਤੇਜ਼ ਬਰਫ਼ੀਲੀਆਂ ਹਵਾਵਾਂ ਚੱਲੀਆਂ। ਮੌਸਮ ਵਿਭਾਗ ਵੱਲੋਂ ਇਕ ਹਫ਼ਤੇ ਦੀ ਨਵੀਂ ਅਪਡੇਟ ਜਾਰੀ ਕੀਤੀ ਗਈ ਹੈ। ਸੂਬੇ 'ਚ 25 ਫਰਵਰੀ ਤੱਕ ਮੌਸਮ ਸਾਫ਼ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ 25 ਫਰਵਰੀ ਤੱਕ ਮੀਂਹ ਨੂੰ ਲੈ ਕੇ ਵਿਭਾਗ ਵੱਲੋਂ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਰਾਜ ਦੇ ਉੱਤਰੀ ਅਤੇ ਪੂਰਬੀ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 22-26 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਮੱਧ, ਪੱਛਮੀ ਅਤੇ ਦੱਖਣੀ-ਪੂਰਬੀ ਖੇਤਰਾਂ 'ਚ ਤਾਪਮਾਨ 26-28 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਇਸ ਹਫ਼ਤੇ ਰਾਜ ਭਰ ਵਿੱਚ ਵੱਧ ਤੋਂ (ਬਾਕੀ ਸਫਾ 11 'ਤੇ)

## ਪੰਜਾਬ 'ਚ 96 ਆਈ.ਏ.ਐਸ. ਤੇ ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ




ਚੰਡੀਗੜ੍ਹ, 20 ਫਰਵਰੀ (ਚ.ਨ.ਸ.):ਪੰਜਾਬ ਵਿਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ 96 ਆਈ.ਏ.ਐੱਸ. ਤੇ ਪੀ.ਸੀ.ਐੱਸ. ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਇਸ ਸਬੰਧੀ ਹੁਕਮ ਅੱਜ ਮੁੱਖ ਸਕੱਤਰ ਕੇ.ਈ.ਪੀ. ਸਿਨਹਾ ਨੇ ਜਾਰੀ ਕੀਤੇ। ਸਰਕਾਰ ਨੇ ਰਾਜਦੀਪ ਸਿੰਘ ਬਰਾੜ, ਰੁਬਿੰਦਰਜੀਤ ਸਿੰਘ ਬਰਾੜ, ਮਿਸ ਦਿਵਿਆ ਪੀ, ਵਿਵੇਕ ਕੁਮਾਰ ਮੋਦੀ, ਕ੍ਰਿਸ਼ਨਾ ਪਾਲ ਰਾਜਪੂਤ, ਡੈਵੀ ਗੋਇਲ, ਕ੍ਰਿਤਕਾ ਗੋਇਲ, ਰਾਕੇਸ਼ ਕੁਮਾਰ ਮੀਨਾ ਆਦਿ ਆਈ.ਏ.ਐਸ. ਅਧਿਕਾਰੀਆਂ ਦੀ ਨਵੀਂ ਤਾਇਨਾਤੀ ਦੇ ਹੁਕਮ ਜਾਰੀ ਕੀਤੇ। ਇਸ ਤੋਂ ਇਲਾਵਾ ਪੀ.ਸੀ.ਐਸ. ਤੇ ਹੋਰ ਅਧਿਕਾਰੀਆਂ ਦੇ ਵੀ ਤਬਾਦਲੇ ਕੀਤੇ ਗਏ ਹਨ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਅਪ੍ਰੈਲ ਤੋਂ ਲਾਗੂ ਹੋਣ ਦੀ ਸੰਭਾਵਨਾ: ਗੋਇਲ

ਨਵੀਂ ਦਿੱਲੀ, 20 ਫਰਵਰੀ (ਚ.ਨ.ਸ.): ਕੇਂਦਰੀ ਵਪਾਰ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸ਼ੁੱਕਰਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਅੰਤਰਿਮ ਵਪਾਰ ਸਮਝੌਤੇ 'ਤੇ ਮਾਰਚ ਵਿੱਚ ਦਸਤਖ਼ਤ ਹੋਣ ਦੀ ਪੂਰੀ ਸੰਭਾਵਨਾ ਹੈ, ਜਿਸ ਤੋਂ ਬਾਅਦ ਇਹ ਅਪਰੈਲ ਵਿੱਚ ਲਾਗੂ ਹੋ ਸਕਦਾ ਹੈ।



ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਭਾਰਤ ਦੇ ਬ੍ਰਿਟੇਨ ਅਤੇ ਓਮਾਨ ਨਾਲ ਮੁਕਤ ਵਪਾਰ ਸਮਝੌਤੇ (ਐਫਟੀਏ) ਵੀ ਅਪਰੈਲ ਤੋਂ ਅਮਲ ਵਿੱਚ ਆਉਣ ਦੀ ਉਮੀਦ ਹੈ, ਜਦੋਂ ਕਿ ਨਿਊਜ਼ੀਲੈਂਡ ਨਾਲ ਅਜਿਹਾ ਸਮਝੌਤਾ ਸਤੰਬਰ ਤੱਕ ਸਿਰੇ ਚੜ੍ਹ ਸਕਦਾ ਹੈ।

ਇਸ ਦਿਸ਼ਾ ਵਿੱਚ ਕਾਰਵਾਈ ਤੇਜ਼ ਕਰਦਿਆਂ, ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਵਿਚਕਾਰ ਕਾਨੂੰਨੀ ਮਸੌਦੇ ਨੂੰ ਅੰਤਿਮ ਰੂਪ ਦੇਣ ਲਈ 23 ਫਰਵਰੀ ਤੋਂ ਅਮਰੀਕਾ ਵਿੱਚ ਤਿੰਨ ਦਿਨਾਂ ਅਹਿਮ ਬੈਠਕ ਸ਼ੁਰੂ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਅਤੇ ਅਮਰੀਕਾ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਇਸ ਅੰਤਰਿਮ ਵਪਾਰ ਸਮਝੌਤੇ ਦੀ ਰੂਪਰੇਖਾ ਤਿਆਰ ਕਰ ਲਈ ਗਈ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਨੂੰ ਨਵੀਂ ਉਚਾਈ 'ਤੇ ਲੈ ਕੇ ਜਾਵੇਗਾ।ਉੱਧਰ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸ਼ੁੱਕਰਵਾਰ ਨੂੰ ਵੱਡਾ ਐਲਾਨ ਕਰਦਿਆਂ ਦੱਸਿਆ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਗਲੇ ਕੁਝ ਮਹੀਨਿਆਂ ਵਿੱਚ ਭਾਰਤ ਦਾ ਦੌਰਾ ਕਰਨਗੇ। ਨਵੀਂ ਦਿੱਲੀ ਵਿੱਚ ਏਆਈ ਇਮਪੈਕਟ ਸਮਿਟ ਦੌਰਾਨ ਗੱਲਬਾਤ (ਬਾਕੀ ਸਫਾ 11 'ਤੇ)

## 17 ਸਾਲ ਪੁਰਾਣੇ ਰਿਸ਼ਵਤ ਕੇਸ 'ਚ ਸਾਬਕਾ ਮੁੱਖ ਸਕੱਤਰ ਜੰਜੂਆ 'ਤੇ ਚੱਲੇਗਾ ਮਾਮਲਾ

ਚੰਡੀਗੜ੍ਹ, 20 ਫਰਵਰੀ (ਚ.ਨ.ਸ.):ਕੇਂਦਰ ਸਰਕਾਰ ਦੇ ਪ੍ਰਸੋਨਲ ਅਤੇ ਟ੍ਰੇਨਿੰਗ ਵਿਭਾਗ ਨੇ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਅਤੇ ਆਈ.ਏ.ਐਸ. ਅਧਿਕਾਰੀ (ਸੇਵਾਮੁਕਤ) ਵਿਜੇ ਕੁਮਾਰ ਜੰਜੂਆ ਵਿਰੁੱਧ 2009 ਦੇ ਇੱਕ ਰਿਸ਼ਵਤਖੋਰੀ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਅਧਿਕਾਰਤ ਮਨਜ਼ੂਰੀ ਦੇ ਦਿੱਤੀ ਹੈ। ਲੁਧਿਆਣਾ ਦੇ ਉਦਯੋਗਪਤੀ ਤੁਲਸੀ ਰਾਮ ਮਿਸ਼ਰਾ ਨੇ ਦੋਸ਼ ਲਾਇਆ ਸੀ ਕਿ ਜੰਜੂਆ ਨੇ ਫੋਕਲ ਪੁਆਇੰਟ ਵਿਖੇ ਇੱਕ ਖਾਲੀ ਪਲਾਟ ਅਲਾਟ ਕਰਨ ਦੇ ਬਦਲੇ 6 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। 9 ਨਵੰਬਰ, 2009 ਨੂੰ ਵਿਜੀਲੈਂਸ ਬਿਊਰੋ ਨੇ ਜੰਜੂਆ ਨੂੰ 2 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫ਼ਤਰ ਤੋਂ ਰੰਗੇ ਹੱਥੀਂ ਕਾਬੂ ਕੀਤਾ ਸੀ। ਜਾਂਚ ਦੌਰਾਨ ਜਦੋਂ ਜੰਜੂਆ ਦੇ ਹੱਥ ਧੋਤੇ ਗਏ ਤਾਂ ਘੋਲ ਦਾ ਰੰਗ ਗੁਲਾਬੀ ਹੋ ਗਿਆ ਸੀ, ਜੋ ਰਿਸ਼ਵਤ ਦੇ ਨੋਟਾਂ ਨੂੰ ਛੂਹਣ ਦੀ ਪੁਸ਼ਟੀ ਕਰਦਾ ਸੀ। ਇਸ ਤੋਂ ਇਲਾਵਾ ਉਨ੍ਹਾਂ ਦੇ ਡਰਾਅਰ ਵਿੱਚੋਂ ਰਿਸ਼ਵਤ ਦੀ ਰਕਮ ਵੀ ਬਰਾਮਦ ਹੋਈ ਸੀ। ਪੰਜਾਬ ਸਰਕਾਰ ਦੀ ਸਿਫਾਰਸ਼ ਅਤੇ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਦੀ ਸਲਾਹ ਤੋਂ ਬਾਅਦ ਕੇਂਦਰ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 19 ਦੇ ਤਹਿਤ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਦਿੱਤੀ ਹੈ।



### 33 ਨਾਬਾਲਗ ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਮਾਮਲਾ

## ਯੂ.ਪੀ. ਦੇ ਇੰਜੀਨੀਅਰ ਅਤੇ ਪਤਨੀ ਨੂੰ ਮੌਤ ਦੀ ਸਜ਼ਾ

ਨਵੀਂ ਦਿੱਲੀ, 20 ਫਰਵਰੀ (ਚ.ਨ.ਸ.): ਉੱਤਰ ਪ੍ਰਦੇਸ਼ ਦੇ ਬਾਂਦਾ ਵਿੱਚ ਇੱਕ ਵਿਸ਼ੇਸ਼ ਪੋਕਸੋ ਅਦਾਲਤ ਨੇ ਅੱਜ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਸਿੰਜਾਈ ਵਿਭਾਗ ਦੇ ਸਾਬਕਾ ਜੂਨੀਅਰ ਇੰਜਨੀਅਰ ਰਾਮ ਭਵਨ ਅਤੇ ਉਸ ਦੀ ਪਤਨੀ ਦੁਰਗਾਵਤੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਨ੍ਹਾਂ ਦੋਵਾਂ ਨੂੰ 2010 ਤੋਂ 2020 ਦਰਮਿਆਨ 33 ਨਾਬਾਲਗ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਅਤੇ ਉਨ੍ਹਾਂ ਨਾਲ ਸਬੰਧਤ ਅਸ਼ਲੀਲ ਸਮੱਗਰੀ ਤਿਆਰ ਕਰਨ ਦਾ ਦੋਸ਼ੀ ਪਾਇਆ ਹੈ। ਪੀੜਤ ਬੱਚਿਆਂ ਵਿੱਚੋਂ ਕਈਆਂ ਦੀ ਉਮਰ ਤਾਂ ਮਹਿਜ਼ ਤਿੰਨ ਸਾਲ ਸੀ, ਜਿਨ੍ਹਾਂ ਨਾਲ ਇਸ ਜੋੜੇ ਨੇ ਦਹਾਕੇ ਭਰ ਤੱਕ ਸ਼ੋਸ਼ਣ ਕੀਤਾ। ਅਦਾਲਤ ਨੇ ਇਸ ਮਾਮਲੇ ਨੂੰ ਮਨੁੱਖਤਾ 'ਤੇ ਕਲੰਕ ਅਤੇ ਵਿਰਲਿਆਂ ਵਿੱਚੋਂ ਵਿਰਲਾ ਕੇਸ ਕਰਾਰ ਦਿੰਦੇ ਹੋਏ ਕਿਹਾ ਕਿ ਅਜਿਹੇ ਅਪਰਾਧੀਆਂ ਲਈ ਫਾਂਸੀ ਤੋਂ ਘੱਟ ਕੋਈ ਸਜ਼ਾ ਨਹੀਂ ਹੋ ਸਕਦੀ। ਸੀ.ਬੀ.ਆਈ. ਵੱਲੋਂ ਪੇਸ਼ ਕੀਤੇ ਗਏ ਸਬੂਤਾਂ ਅਤੇ ਜਾਂਚ ਦੇ ਆਧਾਰ 'ਤੇ ਅਦਾਲਤ ਨੇ ਦੋਵਾਂ ਨੂੰ ਭਾਰਤੀ ਦੰਡਾਵਲੀ ਅਤੇ ਪੋਕਸੋ ਐਕਟ ਦੀਆਂ ਗੰਭੀਰ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਹੈ, ਜਿਨ੍ਹਾਂ ਵਿੱਚ ਜਿਨਸੀ ਹਮਲਾ, ਅਸ਼ਲੀਲ ਵੀਡੀਓਜ਼ ਬਣਾਉਣਾ ਅਤੇ ਅਪਰਾਧਿਕ ਸਾਜਿਸ਼ ਸ਼ਾਮਲ ਹੈ। ਅਦਾਲਤ ਨੇ ਨਾ ਸਿਰਫ਼ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ, ਸਗੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਇਹ ਹੁਕਮ ਵੀ ਦਿੱਤੇ ਕਿ ਹਰੇਕ ਪੀੜਤ ਬੱਚੇ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਫੈਸਲੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ ।

## ਵਿਨੋਦ ਜਾਖੜ ਬਣੇ ਕਾਂਗਰਸ ਯੂਥ ਵਿੰਗ ਐਨ.ਐਸ.ਯੂ.ਆਈ. ਦੇ ਕੌਮੀ ਪ੍ਰਧਾਨ



ਨਵੀਂ ਦਿੱਲੀ, 20 ਫਰਵਰੀ (ਚ.ਨ.ਸ.): ਆਲ ਇੰਡੀਆ ਕਾਂਗਰਸ ਕਮੇਟੀ ਨੇ ਵਿਨੋਦ ਜਾਖੜ ਨੂੰ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨ.ਐਸ.ਯੂ.ਆਈ.) ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਸ ਨਿਯੁਕਤੀ ਨੂੰ ਤੁਰੰਤ ਪ੍ਰਭਾਵ ਨਾਲ ਮਨਜ਼ੂਰੀ ਦੇ ਦਿੱਤੀ ਹੈ। ਵਿਨੋਦ ਜਾਖੜ ਹੁਣ ਦੇਸ਼ ਭਰ ਵਿੱਚ ਕਾਂਗਰਸ ਦੇ ਵਿਦਿਆਰਥੀ ਵਿੰਗ ਦੀ ਅਗਵਾਈ ਕਰਨਗੇ। ਪਾਰਟੀ ਨੇ ਤਤਕਾਲੀ ਪ੍ਰਧਾਨ ਵਰੁਣ ਚੌਧਰੀ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਅਤੇ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਇਹ ਨਿਯੁਕਤੀ ਪੱਤਰ ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ.ਸੀ.ਵੇਣੂਗੋਪਾਲ ਵੱਲੋਂ ਜਾਰੀ ਕੀਤਾ ਗਿਆ ਹੈ।

### ਪੰਜਾਬ ਸਰਕਾਰ ਨੂੰ ਝਟਕਾ

# ਹਾਈਕੋਰਟ ਨੇ ਪਾਵਰਕਾਮ ਦੀ ਸੰਪਤੀ ਤਬਦੀਲ ਕੀਤੇ ਜਾਣ 'ਤੇ ਲਗਾਈ ਰੋਕ

ਚੰਡੀਗੜ੍ਹ, 20 ਫਰਵਰੀ (ਚ.ਨ.ਸ.): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਾਵਰਕਾਮ ਦੀ ਮਾਲਕੀ ਵਾਲੀ ਕਿਸੇ ਵੀ ਜਾਇਦਾਦ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ। ਹਾਈ ਕੋਰਟ ਦੇ ਇਸ ਫ਼ੈਸਲੇ ਨਾਲ ਪੰਜਾਬ ਸਰਕਾਰ ਦੀ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੀ ਮੁਹਿੰਮ ਨੂੰ ਝਟਕਾ ਲੱਗਿਆ ਹੈ ਜਦੋਂ ਕਿ ਪਾਵਰਕਾਮ ਦੀਆਂ ਮੁਲਾਜ਼ਮ ਧਿਰਾਂ ਨੇ ਇਸ ਫ਼ੈਸਲੇ ਨਾਲ ਰਾਹਤ ਮਹਿਸੂਸ ਕੀਤੀ ਹੈ।

**ਬਡੂੰਗਰ ਸਾਈਟ ਸਮੇਤ ਸਾਰੀਆਂ ਸੰਪਤੀਆਂ ਦੇ ਤਬਾਦਲੇ 'ਤੇ ਸਟੇਅ**

ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਪਾਵਰਕਾਮ ਦੀਆਂ ਕੁੱਝ ਅਹਿਮ ਸੰਪਤੀਆਂ ਸ਼ਨਾਖ਼ਤ ਕੀਤੀਆਂ ਸਨ ਜਿਨ੍ਹਾਂ ਵਿੱਚੋਂ ਪਟਿਆਲਾ ਦੀ 50 ਏਕੜ ਦੀ ਬਡੂੰਗਰ ਸਾਈਟ ਨੂੰ ਪੁੱਡਾ ਨੂੰ ਤਬਦੀਲ ਵੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਦੇ ਸੀਨੀਅਰ ਵਕੀਲ ਬਲਤੇਜ ਸਿੰਘ ਸਿੱਧੂ ਵੱਲੋਂ ਪਾਵਰਕਾਮ ਦੀਆਂ ਸੰਪਤੀਆਂ ਵੇਚੇ ਜਾਣ 'ਤੇ ਰੋਕ ਲਗਾਉਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਦੀ ਅਗਲੀ ਸੁਣਵਾਈ 16 ਮਾਰਚ ਨੂੰ ਹੋਣੀ ਹੈ। ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਹਫ਼ਤਾ ਪਹਿਲਾਂ ਰਾਜਬੀਰ ਸਿੰਘ ਤਰਫ਼ੋਂ ਅਰਜ਼ੀ ਦਾਇਰ ਕਰਕੇ ਅਦਾਲਤ ਦੇ ਤੁਰੰਤ ਦਾਖਲ ਦੀ ਮੰਗ ਕਰਦਿਆਂ ਤਰਕ ਪੇਸ਼ ਕੀਤਾ ਸੀ ਕਿ ਪਾਵਰਕਾਮ ਨੇ ਪਟੀਸ਼ਨ ਦੇ ਦੌਰਾਨ ਹੀ ਬਡੂੰਗਰ ਸਾਈਟ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ ਹੈ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਅੱਜ ਅਰਜ਼ੀ 'ਤੇ ਸੁਣਵਾਈ ਦੌਰਾਨ ਪਾਵਰਕਾਮ ਦੀਆਂ ਮਲਕੀਅਤ ਵਾਲੀਆਂ ਸੰਪਤੀਆਂ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਤਰਫ਼ੋਂ ਸਭ ਤੋਂ ਵੱਧ (ਬਾਕੀ ਸਫਾ 11 'ਤੇ)



## ਸੰਪਾਦਕੀ

# ਅੱਧੀ ਆਬਾਦੀ ਦਾ ਹੱਕ

ਔਰਤਾਂ ਵਿਰੁੱਧ ਅਪਰਾਧਾਂ ਦੇ ਮੁਕੱਦਮੇ ਅਤੇ ਫੈਸਲੇ ਦੀ ਦਿਸ਼ਾ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਪੀੜਤ ਦੇ ਮਾਮਲੇ ਨੂੰ ਅਦਾਲਤ ਵਿੱਚ ਕਿੰਨੀ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ। ਖਾਸ ਕਰਕੇ ਸਾਡੇ ਦੇਸ਼ ਵਿੱਚ ਬਲਾਤਕਾਰ ਵਰਗੇ ਘਿਨਾਉਣੇ ਅਪਰਾਧਾਂ ਲਈ ਇੱਕ ਬਹੁਤ ਹੀ ਸੰਵੇਦਨਸ਼ੀਲ ਪਹੁੰਚ ਦੀ ਲੋੜ ਹੁੰਦੀ ਹੈ, ਨਾ ਸਿਰਫ਼ ਅਪਰਾਧ ਦੀ ਪ੍ਰਕਿਰਤੀ ਨੂੰ, ਸਗੋਂ ਪੀੜਤ ਦੀ ਮਾਨਸਿਕਤਾ ’ਤੇ ਇਸਦੇ ਪ੍ਰਭਾਵ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ। ਹਾਲਾਂਕਿ ਇਹਨਾਂ ਮੰਗਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਹੁਣ ਇੱਕ ਮਹੱਤਵਪੂਰਨ ਮਾਪਦੰਡ ਨਿਰਧਾਰਤ ਕੀਤਾ ਹੈ ਕਿ ਬਲਾਤਕਾਰ ਦੇ ਮਾਮਲਿਆਂ ਦੀ ਸੁਣਵਾਈ ਕਰਦੇ ਸਮੇਂ ਹੇਠਲੀਆਂ ਅਦਾਲਤਾਂ ਕਿੰਨੀਆਂ ਸੰਵੇਦਨਸ਼ੀਲ ਹੋਣੀਆਂ ਚਾਹੀਦੀਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਮਾਰਚ ਵਿੱਚ ਇਲਾਹਾਬਾਦ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਇੱਕ ਨਾਬਾਲਗ ਲੜਕੀ ਵਿਰੁੱਧ ਜਿਨਸੀ ਇਰਾਦੇ ਨਾਲ ਸਰੀਰਕ ਜ਼ਬਰਦਸਤੀ ਨੂੰ ਬਲਾਤਕਾਰ ਦੀ ਕੋਸ਼ਿਸ਼ ਨਹੀਂ ਮੰਨਿਆ ਅਤੇ ਦੋਸ਼ਾਂ ਨੂੰ ਹਲਕੇ ਵਜੋਂ ਖਾਰਜ ਕਰ ਦਿੱਤਾ। ਉਸ ਸਮੇਂ ਵੀ ਅਦਾਲਤ ਦੇ ਰੁਖ਼ ਅਤੇ ਇਸਦੀਆਂ ਟਿੱਪਣੀਆਂ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਉਲਟਾਉਣ ਨਾਲ ਇੱਕ ਵਾਰ ਫਿਰ ਔਰਤਾਂ ਦੀ ਇੱਜ਼ਤ ਅਤੇ ਅਧਿਕਾਰਾਂ ਦੀ ਰੱਖਿਆ ਲਈ ਨਿਆਂਇਕ ਪ੍ਰਣਾਲੀ ਵਿੱਚ ਵਿਸ਼ਵਾਸ ਮਜ਼ਬੂਤ ਹੋਇਆ ਹੈ। ਦਰਅਸਲ, ਇਲਾਹਾਬਾਦ ਹਾਈ ਕੋਰਟ ਵੱਲੋਂ ਮਾਮਲੇ ਵਿੱਚ ਮੁਲਜ਼ਮਾਂ ਪ੍ਰਤੀ ਨਰਮ ਰਵੱਈਏ ਨੇ ਬਲਾਤਕਾਰ ਕਾਨੂੰਨ ਦੇ ਉਪਬੰਧਾਂ ਨੂੰ ਅਜੀਬ ਢੰਗ ਨਾਲ ਵਿਆਖਿਆ ਕਰਕੇ ਨਿਆਂਇਕ ਪ੍ਰਕਿਰਿਆ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ। ਸੁਪਰੀਮ ਕੋਰਟ ਨੇ ਖੁਦ ਦੋਸ਼ਾਂ ਦੀ ਗੰਭੀਰਤਾ, ਖਾਸ ਕਰਕੇ ਤਿੰਨ ਨੌਜਵਾਨਾਂ ਦੁਆਰਾ ਇੱਕ ਨਾਬਾਲਗ ਲੜਕੀ ’ਤੇ ਸਰੀਰਕ ਹਮਲੇ, ਅਸ਼ਲੀਲਤਾ ਅਤੇ ਮਾਣ-ਸਨਮਾਨ ਦੇ ਅਪਮਾਨ ਨੂੰ ਅਣਦੇਖਾ ਕਰਨ ਅਤੇ ਘੱਟ ਕਰਨ ਦੇ ਪੱਧਰ ’ਤੇ ਡੂੰਘੀ ਨਾਰਾਜ਼ਗੀ ਪ੍ਰਗਟ ਕੀਤੀ। ਪਿਛਲੇ ਸਾਲ 25 ਮਾਰਚ ਨੂੰ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਸਪੱਸ਼ਟ ਤੌਰ ’ਤੇ ਕਿਹਾ ਸੀ ਕਿ ਇਹ ਫੈਸਲਾ ਪੂਰੀ ਤਰ੍ਹਾਂ ਅਸੰਵੇਦਨਸ਼ੀਲ ਅਤੇ ਅਣਮਨੁੱਖੀ ਪਹੁੰਚ ਨੂੰ ਦਰਸਾਉਂਦਾ ਹੈ ਅਤੇ ਇਸ ਲਈ, ਇਸ ’ਤੇ ਰੋਕ ਲਗਾਉਣ ਦੀ ਲੋੜ ਹੈ। ਹੁਣ ਇਸੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਫਟਕਾਰ ਲਗਾਈ ਹੈ ਅਤੇ ਆਪਣੇ ਵਿਵਾਦਪੂਰਨ ਫੈਸਲੇ ਨੂੰ ਉਲਟਾਉਂਦੇ ਹੋਏ ਨਾਬਾਲਗ ਲੜਕੀ ਵਿਰੁੱਧ ਕਾਰਵਾਈ ਨੂੰ ਬਲਾਤਕਾਰ ਦੀ ਕੋਸ਼ਿਸ਼ ਐਲਾਨ ਦਿੱਤਾ ਹੈ। ਹੁਣ ਇਸ ਮਾਮਲੇ ਦੀ ਸੁਣਵਾਈ ਪੋਕਸੋ ਐਕਟ ਅਤੇ ਗੰਭੀਰ ਅਪਰਾਧ (ਅੱਤਿਆਚਾਰ ਰੋਕਥਾਮ) ਐਕਟ ਦੇ ਸਖ਼ਤ ਉਪਬੰਧਾਂ ਤਹਿਤ ਕੀਤੀ ਜਾਵੇਗੀ। ਸੁਪਰੀਮ ਕੋਰਟ ਦਾ ਇਹ ਰੁਖ਼ ਔਰਤਾਂ ਵਿਰੁੱਧ ਘਿਨਾਉਣੇ ਅਪਰਾਧਾਂ ਨੂੰ ਰੋਕਣ ਲਈ ਮਹੱਤਵਪੂਰਨ ਹੈ, ਖਾਸ ਕਰਕੇ ਬਲਾਤਕਾਰ ਵਰਗੇ ਗੰਭੀਰ ਅਪਰਾਧਾਂ ਦੀ ਸੁਣਵਾਈ ਕਰਦੇ ਸਮੇਂ ਅਦਾਲਤਾਂ ਵਿੱਚ ਦਿਖਾਈ ਜਾਂਦੀ ਅਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ। ਸਵਾਲ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਕਾਨੂੰਨੀ ਉਪਬੰਧਾਂ ਦੀ ਵਿਆਖਿਆ ਕਰਦੇ ਸਮੇਂ, ਅਪਰਾਧ ਦੀ ਪ੍ਰਕਿਰਤੀ, ਪੀੜਤ ਦੀ ਸਥਿਤੀ ਅਤੇ ਸਮਾਜਿਕ ਹਕੀਕਤਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਕਿਉਂ ਨਹੀਂ ਸਮਝਿਆ ਜਾਂਦਾ। ਜਦੋਂ ਵੀ ਅਦਾਲਤਾਂ ਅਜਿਹੇ ਮਾਮਲਿਆਂ ਵਿੱਚ ਸੰਵੇਦਨਸ਼ੀਲਤਾ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਤਾਂ ਔਰਤਾਂ ਅਤੇ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਕਮਜ਼ੋਰ ਹੋ ਜਾਂਦੀਆਂ ਹਨ। ਸ਼ਾਇਦ ਇਸੇ ਕਾਰਨ ਕਰਕੇ ਸੁਪਰੀਮ ਕੋਰਟ ਨੇ ਹੁਣ ਨੈਸ਼ਨਲ ਜੁਡੀਸ਼ੀਅਲ ਅਕੈਡਮੀ ਨੂੰ ਜਿਨਸੀ ਅਪਰਾਧਾਂ ਅਤੇ ਹੋਰ ਸੰਵੇਦਨਸ਼ੀਲ ਮਾਮਲਿਆਂ ਪ੍ਰਤੀ ਜੱਜਾਂ ਦੇ ਪਹੁੰਚ ਲਈ ਦਿਸ਼ਾ-ਨਿਰਦੇਸ਼ ਵਿਕਸਤ ਕਰਨ ਅਤੇ ਨਿਆਂਇਕ ਪ੍ਰਕਿਰਿਆ ਵਿੱਚ ਸੰਵੇਦਨਸ਼ੀਲਤਾ ਅਤੇ ਹਮਦਰਦੀ ਪੈਦਾ ਕਰਨ ਲਈ ਇੱਕ ਕਮੇਟੀ ਬਣਾਉਣ ਲਈ ਕਿਹਾ ਹੈ। ਇਹ ਇੱਕ ਮਹੱਤਵਪੂਰਨ ਪਹਿਲਕਦਮੀ ਹੈ ਕਿਉਂਕਿ ਨਿਆਂ ਦੀ ਉਮੀਦ ਤਾਂ ਹੀ ਪੂਰੀ ਹੋ ਸਕਦੀ ਹੈ ਜਦੋਂ ਜੱਜ ਪੀੜਤਾਂ ਦੇ ਅਸਲ ਹਾਲਾਤਾਂ ਲਈ ਲੋੜੀਂਦੀ ਸੰਵੇਦਨਸ਼ੀਲਤਾ, ਹਮਦਰਦੀ ਅਤੇ ਸਮਝ ਰੱਖਦੇ ਹੋਣ। ਘਰ ਤੋਂ ਲੈ ਕੇ ਕੰਮ ਵਾਲੀ ਥਾਂ ਤੱਕ ਅਤੇ ਜਨਤਕ ਥਾਵਾਂ ’ਤੇ ਵੀ ਕੁਝ ਲੋਕ ਔਰਤਾਂ ਦੀ ਇੱਜ਼ਤ ਅਤੇ ਸਵੈ-ਮਾਣ ਦਾ ਅਪਮਾਨ ਕਰਨ ਤੋਂ ਨਹੀਂ ਝਿਜਕਦੇ। ਨੈਤਿਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਇਸ ਗੰਭੀਰ ਨੁਕਸਾਨ ਨੂੰ ਰੋਕਣ ਲਈ ਬਹੁਤ ਘੱਟ ਕੋਸ਼ਿਸ਼ ਕੀਤੀ ਜਾਂਦੀ ਹੈ। ਹਾਲਾਂਕਿ, ਪੰਜਾਬੀ ਗਾਇਕਾ ਜੈਸਮੀਨ ਸੈਂਡਲਸ ਨੇ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਆਯੋਜਿਤ ਇੱਕ ਸੰਗੀਤ ਸਮਾਰੋਹ ਵਿੱਚ ਔਰਤਾਂ ਨਾਲ ਛੇੜਛਾੜ ਦੀ ਹਾਲੀਆ ਘਟਨਾ ਨੂੰ ਗੰਭੀਰਤਾ ਨਾਲ ਲਿਆ।

**-ਜਗਜੀਤ ਸਿੰਘ ਦਰਦੀ**

*ਏਆਈ ਸਮਿਟ ਵਿੱਚ ਕਾਂਗਰਸ ਦਾ ਵਿਰੋਧ ਪ੍ਰਦਰਸ਼ਨ*

# ਰਾਜਨੀਤਿਕ ਵਿਰੋਧ ਦਾ ਇਹ ਇੱਕ ਘਟੀਆ ਤੇ ਸ਼ੇਮਲੈੱਸ ਵਿਰੋਧ ਹੈ ਜਿਸਨੇ ਦੇਸ਼ ਦੀ ਇੱਜ਼ਤ ਨੂੰ ਘਟਾਇਆ ਹੈ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

***ਕਾਂਗਰਸ ਵਿਰੁੱਧ ਰਾਜਨੀਤਿਕ ਪਾਰਟੀਆਂ ਅਤੇ ਲੋਕਾਂ ਵਿੱਚ ਨਫ਼ਰਤ ਵਧੀ***
***ਰਾਹੁਲ ਗਾਂਧੀ ਦੇ ਇਹ ਕੰਮ ਕਾਂਗਰਸ ਦੇ ਤਾਬੂਤ ਵਿੱਚ ਆਖ਼ਰੀ ਕਿੱਲ ਸਾਬਤ ਹੋਣਗੇ***

ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ ਕਾਂਗਰਸ ਦਾ ਅੱਜ ਦਾ ਦਿੱਲੀ ਵਿੱਚ ਏਆਈ ਸਮਿਟ ਦਾ ਨੰਗਾ ਪ੍ਰਦਰਸ਼ਨ ਦੇਸ਼ ਦੇ ਪ੍ਰਤੀ ਉਸਦੀ ਸਭ ਤੋਂ ਘਟੀਆ ਸੋਚ ਨੂੰ ਦਿਖਾਉਂਦਾ ਹੈ। ਇਸ ਰਾਜਨੀਤਿਕ ਵਿਵਾਦ, ਦੇਸ਼ ਨਾਲ ਗੱਦਾਰੀ ਦੇ ਆਰੋਪ ਅਤੇ ਭਵਿੱਖੀ ਨਤੀਜਿਆਂ ਵਿੱਚ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਭਾਰਤ ਮੰਡਪਮ ਵਿਚ ਚੱਲ ਰਹੀ ਏਆਈ ਇੰਪੈਕਟ ਸਮਿਟ 2026 ਨੇ ਨਾ ਸਿਰਫ਼ ਤਕਨੀਕੀ ਨਵੀਨਤਾ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਵਧਾਵਾ ਦਿੱਤਾ ਹੈ ਬਲਕਿ ਇੱਕ ਵੱਡੇ ਰਾਜਨੀਤਿਕ ਵਿਵਾਦ ਨੂੰ ਵੀ ਜਨਮ ਦਿੱਤਾ ਹੈ। ਕੱਲ੍ਹ 20 ਫਰਵਰੀ 2026 ਨੂੰ, ਇੰਡੀਅਨ ਯੂਥ ਕਾਂਗਰਸ (ਆਈਵਾਈਸੀ) ਦੇ ਵਰਕਰਾਂ ਨੇ ਇੱਕ ਅਨੋਖੇ ਅੰਦਾਜ਼ ਵਿਚ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਨੂੰ ਮੀਡੀਆ ਅਤੇ ਰਾਜਨੀਤਿਕ ਵਿਰੋਧੀਆਂ ਨੇ ‘ਸ਼ਰਟਲੈੱਸ’ ਜਾਂ ‘ਟੌਪਲੈੱਸ’ ਵਜੋਂ ਵਰਣਨ ਕੀਤਾ ਹੈ। ਇਸ ਪ੍ਰਦਰਸ਼ਨ ਵਿਚ ਵਰਕਰਾਂ ਨੇ ਆਪਣੀਆਂ ਕਮੀਜ਼ਾਂ ਉਤਾਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇ ਲਗਾਏ, ਜਿਸ ਨਾਲ ਸਮਿਟ ਵਿਚ ਮੌਜੂਦ ਅੰਤਰਰਾਸ਼ਟਰੀ ਪ੍ਰਤੀਨਿੱਧੀਆਂ ਅਤੇ ਤਕਨੀਕੀ ਮਾਹਿਰਾਂ ਵਿਚ ਹਲਚਲ ਮਚ ਗਈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਸ ਨੂੰ ਬੇਸ਼ਰਮੀ ਅਤੇ ਗੱਦਾਰੀ ਵਜੋਂ ਕਰਾਰ ਦਿੱਤਾ ਹੈ, ਜਦਕਿ ਕਾਂਗਰਸ ਨੇ ਇਸ ਨੂੰ ਸਰਕਾਰੀ ਨੀਤੀਆਂ ਵਿਰੁੱਧ ਜਾਇਜ਼ ਅਸਹਿਮਤੀ ਵਜੋਂ ਵੇਖਿਆ ਹੈ। ਇਸ ਘਟਨਾ ਨੇ ਨਾ ਸਿਰਫ਼ ਰਾਜਨੀਤਿਕ ਪਾਰਟੀਆਂ ਵਿਚਕਾਰ ਪਾੜੇ ਨੂੰ ਵਧਾਇਆ ਹੈ ਬਲਕਿ ਲੋਕਾਂ ਵਿਚ ਵੀ ਕਾਂਗਰਸ ਨੂੰ ‘ਦੇਸ਼ ਨਾਲ ਗੱਦਾਰੀ’ ਵਜੋਂ ਵੇਖੇ ਜਾਣ ਵਾਲੀ ਭਾਵਨਾ ਨੂੰ ਬਲ ਪ੍ਰਦਾਨ ਕੀਤਾ ਹੈ।

ਇਹ ਅੱਜ ਦੀਆਂ ਘਟਨਾਵਾਂ, ਰਾਜਨੀਤਿਕ ਦੂਸ਼ਣਬਾਜ਼ੀ, ਕਾਂਗਰਸ ਦੇ ਕਿਰਦਾਰ ਅਤੇ ਭਵਿੱਖੀ ਨਤੀਜਿਆਂ ਤੇ ਵਿਸਤ੍ਰਿਤ ਵਿਚਾਰ-ਵਟਾਂਦਰਾ ਕਰਦਿਆਂ ਅਸੀਂ ਤੱਥਾਂ ’ਤੇ ਆਧਾਰਿਤ ਹਵਾਲਿਆਂ ਨਾਲ ਇੱਕ ਨਿਰਪੱਖ ਨਜ਼ਰੀਆ ਅਪਣਾਵਾਂਗੇ, ਤਾਂ ਜੋ ਇਸ ਵਿਵਾਦ ਨੂੰ ਸਮਝਣ ਵਿਚ ਮੱਦਦ ਮਿਲੇ। ਅੱਜ ਦਾ ਇਹ ਵਿਸ਼ਲੇਸ਼ਣ ਏਆਈ ਯੁੱਗ ਵਿਚ ਰਾਜਨੀਤੀ ਦੇ ਬਦਲਦੇ ਸਵਰੂਪ ਨੂੰ ਵੀ ਛੂਹੇਗਾ, ਜਿੱਥੇ ਸੋਸ਼ਲ ਮੀਡੀਆ ਅਤੇ ਵਾਇਰਲ ਵੀਡੀਓ ਵੱਡੀ ਭੂਮਿਕਾ ਨਿਭਾਉਂਦੇ ਹਨ।ਏਆਈ ਇੰਪੈਕਟ ਸਮਿਟ 2026 ਦਾ ਪਿਛੋਕੜ ਅਤੇ ਮਹੱਤਵ ਏਆਈ ਇੰਪੈਕਟ ਸਮਿਟ 2026 ਭਾਰਤ ਸਰਕਾਰ ਵੱਲੋਂ ਨੀਤੀ ਆਯੋਗ ਅਤੇ ਹੋਰ ਸੰਸਥਾਵਾਂ ਨਾਲ ਮਿਲ ਕੇ ਆਯੋਜਿਤ ਇੱਕ ਅੰਤਰਰਾਸ਼ਟਰੀ ਇਵੈਂਟ ਹੈ। ਇਸ ਦਾ ਉਦੇਸ਼ ਨਕਲੀ ਬੁੱਧੀ ਨੂੰ ਭਾਰਤੀ ਅਰਥਵਿਵਸਥਾ, ਸਿਹਤ, ਸਿੱਖਿਆ, ਵਾਤਾਵਰਣ ਅਤੇ ਵਿਕਾਸ ਵਿਚ ਏਕੀਕ੍ਰਿਤ ਕਰਨਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਖੋਲ੍ਹਿਆ ਅਤੇ ਅੰਤਰਰਾਸ਼ਟਰੀ ਆਗੂ ਜਿਵੇਂ ਕਿ ਗੂਗਲ ਦੇ ਸੀਈਓ ਸੁੰਦਰ ਪਿਚਾਈ ਅਤੇ ਓਪਨਏਆਈ ਦੇ ਸੈਮ ਅਲਟਮੈਨ ਵੀ ਸ਼ਾਮਲ ਹੋਏ। ਇਹ ਸਮਿਟ ਪੂਰੀ ਦੁਨੀਆ ਵਿਚ ਸਰਾਹੀ ਜਾ ਰਹੀ ਹੈ, ਕਿਉਂਕਿ ਇਸ ਨੇ ਭਾਰਤ ਨੂੰ ਏਆਈ ਵਿਚ ਗਲੋਬਲ ਲੀਡਰ ਵਜੋਂ ਪੇਸ਼ ਕੀਤਾ ਹੈ। ਭਾਰਤ ਵਿਚ ਵੀ ਯੂਥ ਨੇ ਇਸ ਨੂੰ ਪਸੰਦ ਕੀਤਾ ਹੈ, ਕਿਉਂਕਿ ਇਹ ਨੌਕਰੀਆਂ, ਨਵੀਨਤਾ ਅਤੇ ਡਿਜੀਟਲ ਵਿਕਾਸ ਦੇ ਮੌਕੇ ਪੈਦਾ ਕਰ ਰਿਹਾ ਹੈ। ਅੱਜ ਇਸ ਸਮਿਟ ਨੂੰ ਰਾਜਨੀਤਿਕ ਵਿਵਾਦ ਨੇ ਘੇਰ ਲਿਆ ਹੈ। ਕਾਂਗਰਸ ਨੇ ਆਰੋਪ ਲਾਇਆ ਹੈ ਕਿ ਮੋਦੀ ਸਰਕਾਰ ਨੇ ਇਸ ਨੂੰ ਆਪਣੀ ਨਿੱਜੀ ਪੀਆਰ ਮਸ਼ੀਨ ਵਜੋਂ ਵਰਤਿਆ ਹੈ, ਜਿਸ ਵਿਚ ਭਾਰਤ-ਅਮਰੀਕਾ ਵਪਾਰ ਸੌਦੇ ਨੂੰ ਲੈ ਕੇ ਅਸਹਿਮਤੀ ਹੈ। ਯੂਥ ਕਾਂਗਰਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਵੈਂਟ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਅਸੁਵਿਧਾਵਾਂ ਦਾ ਸਾਹਮਣਾ ਕਰਨਾ ਪਿਆ। ਇਹ ਵਿਰੋਧ ਭਾਰਤੀ ਰਾਜਨੀਤੀ ਵਿਚ ਵੱਧ ਰਹੀ ਪੋਲਰਾਈਜ਼ੇਸ਼ਨ ਨੂੰ ਦਰਸਾਉਂਦਾ ਹੈ, ਜਿੱਥੇ ਅੰਤਰਰਾਸ਼ਟਰੀ ਇਵੈਂਟ ਵੀ ਘਰੇਲੂ ਰਾਜਨੀਤੀ ਦਾ ਹਿੱਸਾ ਬਣ ਜਾਂਦੇ ਹਨ। ਇਸ ਪਿਛੋਕੜ ਵਿਚ, ਵਿਰੋਧ ਨੂੰ ਸਿਰਫ਼ ਇੱਕ ਪ੍ਰਦਰਸ਼ਨ ਵਜੋਂ ਨਹੀਂ ਬਲਕਿ ਡੂੰਘੀ ਰਾਜਨੀਤਿਕ ਨਿਰਾਸ਼ਾ ਵਜੋਂ ਵੇਖਣਾ ਚਾਹੀਦਾ ਹੈ ਪਰ ਇਸ ਨੇ ਭਾਰਤ ਦੀ ਅੰਤਰਰਾਸ਼ਟਰੀ ਚਿੱਤਰ ਨੂੰ ਨੁਕਸਾਨ ਪਹੁੰਚਾਉਣ ਦੇ ਆਰੋਪ ਵੀ ਖੜ੍ਹੇ ਕੀਤੇ ਹਨ। ਅੱਜ ਦੀ ਘਟਨਾ ਦਾ ਵਿਸਤ੍ਰਿਤ ਵੇਰਵਾ 20 ਫਰਵਰੀ 2026 ਨੂੰ ਦੁਪਹਿਰ ਵੇਲੇ ਲਗਭਗ 12:30 ਵਜੇ, ਭਾਰਤ ਮੰਡਪਮ ਦੇ ਹਾਲ ਨੰਬਰ 5 ਵਿਚ ਲਗਭਗ 10-12 ਯੂਥ ਕਾਂਗਰਸ ਵਰਕਰਾਂ ਨੇ ਆਪਣੀਆਂ ਜੈਕਟਾਂ ਉਤਾਰ ਕੇ ਵਿਰੋਧ ਸ਼ੁਰੂ ਕੀਤਾ। ਉਨ੍ਹਾਂ ਨੇ ਟੀ-ਸ਼ਰਟਾਂ ’ਤੇ ਪ੍ਰਧਾਨ ਮੰਤਰੀ ਦੀ ਤਸਵੀਰ ਅਤੇ ਨਾਅਰੇ ਲਿਖੇ ਹੋਏ ਸਨ, ਜਿਵੇਂ ਕਿ ‘ਮੋਦੀ ਨੇ ਦੇਸ਼ ਨੂੰ ਵੇਚ ਦਿੱਤਾ ਅਤੇ ਭਾਰਤ-ਅਮਰੀਕਾ ਵਪਾਰ ਸੌਦੇ ਵਿਰੁੱਧ ਆਲੋਚਨਾ। ਉਨ੍ਹਾਂ ਨੇ ਆਪਣੇ ਸਰੀਰ ਨੂੰ ਨੰਗਾ ਕੀਤੇ ਬਿਨਾਂ (ਸਿਰਫ਼ ਉਪਰਲਾ ਹਿੱਸਾ) ਨਾਅਰੇ ਲਗਾਏ ਅਤੇ ਸਮਿਟ ਨੂੰ ਰਾਜਨੀਤਿਕ ਬਣਾਉਣ ਦੇ ਆਰੋਪ ਲਾਏ। ਇਹ ਪ੍ਰਦਰਸ਼ਨ ਸਿਰਫ਼ ਕੁਝ ਮਿੰਟਾਂ ਦਾ ਸੀ, ਪਰ ਇਸ ਨੇ ਅੰਤਰਰਾਸ਼ਟਰੀ ਡੈਲੀਗੇਟਾਂ ਵਿਚ ਚਿੰਤਾ ਪੈਦਾ ਕੀਤੀ। ਸੁਰੱਖਿਆ ਕਰਮੀਆਂ ਨੇ ਤੁਰੰਤ ਦਖ਼ਲ ਦਿਤਾ ਅਤੇ 4 ਵਰਕਰਾਂ ਨੂੰ ਅਰੈਸਟ ਕਰ ਲਿਆ, ਜਦਕਿ ਹੋਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਦਿੱਲੀ ਪੁਲਿਸ ਨੇ ਇਸ ਨੂੰ ਵਿਆਪਕ ਸਾਜ਼ਿਸ਼ ਵਜੋਂ ਜਾਂਚ ਸ਼ੁਰੂ ਕੀਤੀ ਹੈ। ਮੀਡੀਆ ਵਿਚ ਇਸ ਨੂੰ ‘ਨੰਗੇ ਪ੍ਰਦਰਸ਼ਨ’ ਵਜੋਂ ਪੇਸ਼ ਕੀਤਾ ਗਿਆ ਹੈ, ਪਰ ਅਸਲ ਵਿਚ ਇਹ ਟੌਪਲੈੱਸ ਸੀ ਅਤੇ ਉਨ੍ਹਾਂ ਨੇ ਵੈਲਿਡ ਕਿਊਆਰ ਕੋਡ ਨਾਲ ਐਂਟਰੀ ਕੀਤੀ ਸੀ। ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਏ, ਜਿਸ ਨਾਲ ਵਿਵਾਦ ਵੱਧ ਗਿਆ। ਇਹ ਘਟਨਾ ਏਆਈ ਸਮਿਟ ਦੇ ਅੰਤਿਮ ਦਿਨ ਵਾਪਰੀ, ਜਦੋਂ ਸਮਿਟ ਨੂੰ ਸਫਲ ਮੰਨਿਆ ਜਾ ਰਿਹਾ ਸੀ। ਇਸ ਨੇ ਨਾ ਸਿਰਫ਼ ਸਮਿਟ ਦੇ ਵਾਤਾਵਰਣ ਨੂੰ ਪ੍ਰਭਾਵਿਤ ਕੀਤਾ ਬਲਕਿ ਭਾਰਤ ਦੀ ਗਲੋਬਲ ਇਮੇਜ਼ ’ਤੇ ਵੀ ਸਵਾਲ ਖੜ੍ਹੇ ਕੀਤੇ।

ਹੁਣ ਰਾਜਨੀਤਿਕ ਪ੍ਰਤੀਕਿਰਿਆਵਾਂ ਅਤੇ ਦੂਸ਼ਣਬਾਜ਼ੀਭਾਜਪਾ ਨੇ ਤਿੱਖੇ ਤੇਵਰ ਅਪਣਾਏ ਅਤੇ ਇਸ ਨੂੰ ‘ਟੌਪਲੈੱਸ, ਬ੍ਰੇਨਲੈੱਸ, ਸ਼ੇਮਲੈੱਸ’ ਕਰਾਰ ਦਿੱਤਾ। ਯੂਨੀਅਨ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਇਹ ਕਾਂਗਰਸ ਦੀ ਨਿਰਾਸ਼ਾ ਅਤੇ ਅਹੰਕਾਰ ਦਾ ਨਤੀਜਾ ਹੈ ਅਤੇ ਰਾਹੁਲ ਗਾਂਧੀ ਨੂੰ ਸਿੱਧੇ ਜ਼ਿੰਮੇਵਾਰ ਠਹਿਰਾਇਆ। ਰਾਜਨਾਥ ਸਿੰਘ ਨੇ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਅੰਤਰਰਾਸ਼ਟਰੀ ਇਵੈਂਟ ਵਿਚ ਅਜਿਹੇ ਕੰਮ ਦੇਸ਼ ਦੀ ਸ਼ਾਨ ਨੂੰ ਵਿਗਾੜਦੇ ਹਨ। ਭਾਜਪਾ ਨੇ ਰਾਹੁਲ ਨੂੰ ‘ਗੱਦਾਰ’ ਕਿਹਾ ਅਤੇ ਕਾਂਗਰਸ ਨੂੰ ‘ਐਂਟੀ-ਨੈਸ਼ਨਲ’ ਵਜੋਂ ਪੇਸ਼ ਕੀਤਾ। ਹੋਰ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ ਅਤੇ ਸਮਾਜਵਾਦੀ ਪਾਰਟੀ ਨੇ ਵੀ ਨਿੰਦਾ ਕੀਤੀ, ਕਹਿੰਦੇ ਹੋਏ ਕਿ ਅਜਿਹੇ ਪ੍ਰਦਰਸ਼ਨ ਅੰਤਰਰਾਸ਼ਟਰੀ ਪੱਧਰ ’ਤੇ ਅਯੋਗ ਹਨ। ਕਾਂਗਰਸ ਨੇ ਜਵਾਬ ਵਿਚ ਕਿਹਾ ਕਿ ਇਹ ਜਾਇਜ਼ ਵਿਰੋਧ ਹੈ ਅਤੇ ਸਰਕਾਰ ਨੇ ਇਵੈਂਟ ਨੂੰ ਰਾਜਨੀਤਿਕ ਬਣਾਇਆ। ਪ੍ਰਿਯੰਕਾ ਗਾਂਧੀ ਨੇ ਟਵੀਟ ਕੀਤਾ ਕਿ ਯੂਥ ਦੀ ਅਵਾਜ਼ ਨੂੰ ਦਬਾਉਣਾ ਲੋਕਤੰਤਰ ਵਿਰੋਧੀ ਹੈ। ਇਹ ਦੂਸ਼ਣਬਾਜ਼ੀ ਭਾਰਤੀ ਰਾਜਨੀਤੀ ਵਿਚ ਆਮ ਹੈ, ਪਰ ਇਸ ਨੇ ਨਵਾਂ ਪੱਧਰ ਛੂਹ ਲਿਆ ਹੈ।

ਜਨਤਾ ਦੀ ਪ੍ਰਤੀਕਿਰਿਆ ਅਤੇ ਸੋਸ਼ਲ ਮੀਡੀਆ ’ਤੇ ਵਿਵਾਦ ਜਨਤਾ ਵਿਚ ਵੀ ਵਿਰੋਧ ਵਧ ਗਿਆ ਹੈ। ਐਕਸ (ਪਹਿਲਾਂ ਟਵਿੱਟਰ) ’ਤੇ, ਯੂਜ਼ਰਾਂ ਨੇ ਕਾਂਗਰਸ ਨੂੰ ‘ਸ਼ੇਮਲੈੱਸ’ ਅਤੇ ‘ਗੱਦਾਰ ਪਾਰਟੀ’ ਕਿਹਾ ਹੈ। ਇੱਕ ਪੋਸਟ ਵਿਚ, ਲੋਕਾਂ ਨੇ ਕਿਹਾ ਕਿ ‘ਕਾਂਗਰਸ ਭਾਰਤ ਦੀ ਰੈਪੂਟੇਸ਼ਨ ਨੂੰ ਨਸ਼ਟ ਕਰ ਰਹੀ ਹੈ’ ਅਤੇ ਉਨ੍ਹਾਂ ਨੂੰ ‘ਟ੍ਰੇਟਰਜ਼’ ਕਿਹਾ। ਸਮਿਟ ਵਿਚ ਮੌਜੂਦ ਯੂਥ ਨੇ ਕਿਹਾ ਕਿ ਅਜਿਹੇ ਕੰਮ ਭਾਰਤ ਨੂੰ ਬੈਕਵਰਡ ਵਿਖਾਉਂਦੇ ਹਨ।

ਹਾਲਾਂਕਿ, ਕੁਝ ਨੇ ਕਾਂਗਰਸ ਨੂੰ ਸਪੋਰਟ ਵੀ ਕੀਤਾ, ਕਹਿੰਦੇ ਹੋਏ ਕਿ ਵਿਰੋਧ ਲੋਕਤੰਤਰ ਦਾ ਹਿੱਸਾ ਹੈ। ਸੋਸ਼ਲ ਮੀਡੀਆ ਨੇ ਵਿਵਾਦ ਨੂੰ ਵਧਾਇਆ, ਜਿੱਥੇ ਫੇਕ ਨਿਊਜ਼ ਅਤੇ ਮਿੱਥ ਵੀ ਫੈਲ ਰਹੇ ਹਨ।ਕਾਂਗਰਸ ਦਾ ਕਟਦਾ ਕਿਰਦਾਰ ਅਤੇ ਦੇਸ਼ ਨਾਲ ਗੱਦਾਰੀ ਦੇ ਆਰੋਪ ਕਾਂਗਰਸ ਦਾ ਕਿਰਦਾਰ ਲੋਕਾਂ ਵਿਚ ਕੱਟ ਰਿਹਾ ਹੈ ਅਤੇ ਇਹ ਨਿਰਾਸ਼ਾ ਨੂੰ ਦਰਸਾਉਂਦਾ ਹੈ।

ਭਾਜਪਾ ਨੇ ਆਰੋਪ ਲਾਇਆ ਕਿ ਇਹ ਵਿਰੋਧ ਮੋਦੀ ਸਰਕਾਰ ਨਾਲ ਨਹੀਂ ਬਲਕਿ ਦੇਸ਼ ਨਾਲ ਗੱਦਾਰੀ ਹੈ, ਕਿਉਂਕਿ ਇਸ ਨੇ ਅੰਤਰਰਾਸ਼ਟਰੀ ਇਵੈਂਟ ਨੂੰ ਨੁਕਸਾਨ ਪਹੁੰਚਾਇਆ। ਰਾਹੁਲ ਗਾਂਧੀ ਅਤੇ ਪ੍ਰਿਯੰਕਾ ਨੂੰ ‘ਦਿਮਾਗੀ ਤੌਰ ’ਤੇ ਅਸਥਿਰ’ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਤਿਹਾਸ ਵਿਚ, ਕਾਂਗਰਸ ਨੂੰ ਅਕਸਰ ਵਿਰੋਧੀ ਪ੍ਰਦਰਸ਼ਨਾਂ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ, ਪਰ ਇਹ ਘਟਨਾ ਉਨ੍ਹਾਂ ਦੇ ‘ਘਟੀਆ ਕਿਰਦਾਰ’ ਵਜੋਂ ਵੇਖੀ ਜਾ ਰਹੀ ਹੈ। ਲੋਕਾਂ ਵਿਚ ਆਧਾਰ ਘੱਟ ਰਿਹਾ ਹੈ ਅਤੇ ਇਹ ਗੱਦਾਰੀ ਵਜੋਂ ਗਿਣੀ ਜਾ ਰਹੀ ਹੈ ਕਿਉਂਕਿ ਇਸ ਨੇ ਭਾਰਤ ਦੀ ਗਲੋਬਲ ਸ਼ਾਨ ਨੂੰ ਠੇਸ ਪਹੁੰਚਾਈ।

ਪਰ ਨਿਰਪੱਖ ਨਜ਼ਰੀਏ ਨਾਲ, ਇਹ ਆਰੋਪ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ ਅਤੇ ਦੋਵਾਂ ਪਾਸਿਆਂ ਨੇ ਅਜਿਹੇ ਕੰਮ ਕੀਤੇ ਹਨ।ਆਉਣ ਵਾਲੇ ਨਤੀਜੇ ਅਤੇ ਭਵਿੱਖੀ ਪ੍ਰਭਾਵ ਇਸ ਘਟਨਾ ਤੋਂ ਬਾਅਦ, ਆਉਣ ਵਾਲੇ ਦਿਨਾਂ ਵਿਚ ਕਾਂਗਰਸ ਵਿਰੁੱਧ ਲੋਕਾਂ ਵਿਚ ਨਫ਼ਰਤ ਵਧੇਗੀ।

ਅੱਜ ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓ ਨਾਲ ਪਾੜਾ ਵਧੇਗਾ, ਅਤੇ ਚੋਣਾਂ ਵਿਚ ਇਸ ਨੂੰ ਵਰਤਿਆ ਜਾਵੇਗਾ। ਕਾਂਗਰਸ ਦਾ ਆਧਾਰ ਘੱਟ ਸਕਦਾ ਹੈ, ਖਾਸ ਕਰ ਯੂਥ ਵਿਚ, ਜੇਕਰ ਉਹ ਆਪਣੀ ਇਮੇਜ ਨੂੰ ਨਾ ਸੰਭਾਲੇ। ਭਾਜਪਾ ਨੂੰ ਫਾਇਦਾ ਹੋ ਸਕਦਾ ਹੈ, ਪਰ ਇਹ ਲੋਕਤੰਤਰ ਨੂੰ ਕਮਜ਼ੋਰ ਵੀ ਕਰ ਸਕਦਾ ਹੈ। ਭਵਿੱਖ ਵਿਚ ਅਜਿਹੇ ਇਵੈਂਟਾਂ ਵਿਚ ਸੁਰੱਖਿਆ ਵਧੇਗੀ ਅਤੇ ਰਾਜਨੀਤੀ ਨੂੰ ਤਕਨੀਕ ਤੋਂ ਵੱਖ ਰੱਖਣ ਦੀ ਲੋੜ ਹੈ।

ਅੱਜ ਏਆਈ ਯੁੱਗ ਵਿਚ, ਅਜਿਹੇ ਵਿਵਾਦ ਫੇਕ ਨਿਊਜ਼ ਨਾਲ ਵਧ ਸਕਦੇ ਹਨ, ਇਸ ਲਈ ਤੱਥਾਂ ਤੇ ਆਧਾਰਿਤ ਸੰਵਾਦ ਜ਼ਰੂਰੀ ਹੈ।ਨਿੰਦਾ ਅਤੇ ਨਿਰਪੱਖ ਵਿਸ਼ਲੇਸ਼ਣ ਇਸ ਘਟਨਾ ਨੇ ਰਾਜਨੀਤੀ ਨੂੰ ਨਵਾਂ ਮੋੜ ਦਿੱਤਾ ਹੈ। ਨਿਰਪੱਖ ਨਜ਼ਰੀਏ ਨਾਲ, ਵਿਰੋਧ ਜਾਇਜ਼ ਹੈ ਪਰ ਤਰੀਕਾ ਅਯੋਗ ਹੈ। ਕਾਂਗਰਸ ਨੂੰ ਆਪਣੀ ਰਣਨੀਤੀ ਬਦਲਣੀ ਚਾਹੀਦੀ ਹੈ, ਨਹੀਂ ਤਾਂ ਨਫ਼ਰਤ ਵਧੇਗੀ। ਦੇਸ਼ ਨੂੰ ਅਜਿਹੇ ਵਿਵਾਦਾਂ ਤੋਂ ਉੱਪਰ ਉੱਠ ਕੇ ਵਿਕਾਸ ’ਤੇ ਧਿਆਨ ਦੇਣਾ ਚਾਹੀਦਾ ਹੈ।

# ਸੁਪਰੀਮ ਕੋਰਟ ਨੇ ਸਰਕਾਰਾਂ ਨੂੰ ਦਿਖਾਇਆ ਡੰਡਾ

ਕਮਲਜੀਤ ਸਿੰਘ ਬਨਵੈਤ
98147 34035



- **ਪੰਜਾਬ ਵੱਲੋਂ ਦਿੱਤੀ ਜਾਂਦੀ ਕੁੱਲ ਸਬਸਿਡੀ ਦਾ 90 ਫ਼ੀਸਦੀ ਹਿੱਸਾ ਮੁਫ਼ਤ ਬਿਜਲੀ ਭੁਗਤਾਨ ਵਿੱਚ ਜਾ ਰਿਹਾ ਹੈ।**
- **ਮਾਰਚ 2025 ਤੱਕ ਰਾਜਾਂ ਉੱਤੇ ਕੁੱਲ ਕਰਜ਼ਾ ਜੀ ਡੀ ਪੀ ਦਾ 27.5 ਫੀਸਦੀ ਸੀ ਜਿਹੜਾ ਕਿ ਮਾਰਚ ਦੀ 2026 ਤੱਕ 29.2 ਹੋਣ ਦੀ ਸੰਭਾਵਨਾ ਹੈ।**
- **ਮੁਲਕ ਦੇ 19 ਰਾਜਾਂ ਦੀ ਕੁੱਲ ਸਬਸਿਡੀ ਦਾ 53 ਫੀਸਦੀ ਬਿਜਲੀ ਸਬਸਿਡੀ ਉੱਤੇ ਖਰਚ ਹੋ ਰਿਹਾ ਹੈ।**

ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੱਲੋਂ ਮੁਫਤ ਸਹੂਲਤਾਂ ਤੇ ਸਬਸਿਡੀ ਦੇਣ ਦੇ ਕੀਤੇ ਜਾਂਦੇ ਐਲਾਨਾਂ ਨੂੰ ਲੈ ਕੇ ਨਰਾਜ਼ਗੀ ਜਾਹਿਰ ਕੀਤੀ ਹੈ। ਅਦਾਲਤ ਨੇ ਕਿਹਾ ਕਿ ਹੁਣ ਸਮਾਂ ਹੈ ਜਦੋਂ ਅਜਿਹੀਆਂ ਨੀਤੀਆਂ ’ਤੇ ਨਜ਼ਰਸਾਨੀ ਕੀਤੀ ਜਾਵੇ ਜੋ ਦੇਸ਼ ਦੇ ਆਰਥਿਕ ਵਿਕਾਸ ਨੂੰ ਵੱਡੀ ਢਾਹ ਲਾਉਂਦੀਆਂ ਹਨ। ਅਦਾਲਤਾਂ ਮੁਫਤ ਦੀਆਂ ਰਿਉੜੀਆਂ ਵੰਡਣ ਦੀ ਥਾਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਇਸ ਨਾਲ ਟੈਕਸ ਭਰਨ ਵਾਲਿਆਂ ’ਤੇ ਸਿੱਧਾ ਆਰਥਿਕ ਬੋਝ ਪੈਂਦਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜੇ ਸਿਆਸੀ ਪਾਰਟੀਆਂ ਵੋਟਰਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਭੇਜਣਗੀਆਂ ਤਾਂ ਉਹ ਭਲਾ ਕੰਮ ਕਿਉਂ ਕਰਨਗੇ। ਸੁਪਰੀਮ ਕੋਰਟ ਨੇ ਤਾਮਿਲਨਾਡੂ ਪਾਵਰ ਡਿਸਟ੍ਰੀਬਿਊਸ਼ਨ ਕੰਪਨੀ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਸੂਬਾ ਸਰਕਾਰਾਂ ਦੀ ਤਕੜੀ ਝਾੜ ਝੰਬ ਵੀ ਕੀਤੀ ਹੈ।

ਇੱਕ ਰਿਪੋਰਟ ਅਨੁਸਾਰ ਮੁਫਤ ਦੀਆਂ ਰਿਉੜੀਆਂ ਵੰਡਣ ਵਾਲੇ ਸੂਬਿਆਂ ਦੀ ਵਿੱਤੀ ਹਾਲਤ ਡਾਵਾਂ ਡੋਲ ਹੈ। ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਕੁੱਲ ਸਬਸਿਡੀ ਦਾ 90 ਫੀਸਦੀ ਹਿੱਸਾ ਬਿਜਲੀ ਭੁਗਤਾਨ ਲਈ ਜਾ ਰਿਹਾ ਹੈ। ਕੁੱਲ 19 ਰਾਜਾਂ ਦੀ ਸਬਸਿਡੀ ਦਾ 53 ਫੀਸਦੀ ਹਿੱਸਾ ਮੁਫਤ ਦੀ ਬਿਜਲੀ ਸਬਸਿਡੀ ਉੱਤੇ ਜਾ ਰਿਹਾ ਹੈ । ਤਾਮਿਲਨਾਡੂ ਦੇ ਕੁੱਲ ਬਜਟ ਵਿੱਚੋਂ 60 ਫੀਸਦੀ ਹਿੱਸਾ ਬੱਸ , ਬਿਜਲੀ ਅਤੇ ਪੀ ਡੀ ਐਸ ਉੱਤੇ ਖਰਚ ਹੋ ਰਿਹਾ ਹੈ। ਇਹਨਾਂ ਰਾਜਾਂ ਉੱਤੇ ਕੁੱਲ ਕਰਜ਼ਾ ਜੀਡੀਪੀ ਦਾ 27.5 ਫੀਸਦੀ ਹੈ ਜਿਹੜਾ ਕਿ ਹੁਣ 26 ਤੋਂ ਵੱਧ ਕੇ 29 ਹੋ ਜਾਵੇਗਾ।

ਬਾਵਜੂਦ ਇਸ ਦੇ ਸਿਆਸੀ ਪਾਰਟੀਆਂ ਵੋਟਾਂ ਵਟੋਰਨ ਲਈ ਲੋਕਾਂ ਨੂੰ ਸਬਸਿਡੀ ਅਤੇ ਮੁਫਤ ਦੀਆਂ ਸਹੂਲਤਾਂ ਦੇਣ ਦੇ ਨਾਂ ਉੱਤੇ ਭਰਮਾ ਰਹੀਆਂ ਹਨ। ਲੋਕਾਂ ਦੀਆਂ ਨਜ਼ਰਾਂ ਮੁਫਤ ਦੀਆਂ ਰਿਉੜੀਆਂ ਉਤੇ ਆ ਕੇ ਟਿਕ ਗਈਆਂ ਹਨ। ਇੱਕ ਦੂਜੇ ਪ੍ਰਤੀ ਮਾੜੀ ਭਾਸ਼ਾ ਵਰਤਣ, ਚਿੱਕੜ ਸੁੱਟਣਾ ਸਿਆਸਤਦਾਨਾਂ ਦੀ ਆਮ ਜਿਹੀ ਭਾਸ਼ਾ ਬਣ ਗਈ ਹੈ। ਮੁਫ਼ਤ ਦੀਆਂ ਰਿਉੜੀਆਂ ਦੇ ਸਹਾਰੇ ਚੋਣਾਂ ਜਿੱਤੀਆਂ ਵੀ ਜਾ ਰਹੀਆਂ ਹਨ। ਵੋਟਾਂ ਖ਼ਰੀਦਣ ਲਈ ਲੋਕਾਂ ਨੂੰ ਪਰਚੂਨ ਰਿਸ਼ਵਤ ਦੀ ਚਾਟ ਉਤੇ ਲਾਇਆ ਜਾ ਰਿਹਾ ਹੈ। ਇਹ ਪਿਰਤ ਲਗਾਤਾਰ ਵੱਧ ਰਹੀ ਹੈ। ਖਜ਼ਾਨੇ ਕਿਵੇਂ ਖ਼ਾਲੀ ਲਗਾਤਾਰ ਖਾਲੀ ਹੋ ਰਹੇ ਹਨ, ਕਿਸੇ ਨੂੰ ਚਿੰਤਾ ਨਹੀਂ ਹੈ।

ਬਿਹਾਰ ਦੀਆਂ ਚੋਣਾਂ ਵਿੱਚ ਹਾਲੇ ਡੇਢ ਤੋਂ ਦੋ ਮਹੀਨੇ ਪਏ ਹਨ ਪਰ ਵੋਟਰਾਂ ਨੂੰ ਭਰਮਾਉਣ ਲਈ 33,920 ਕਰੋੜ ਦੇ ਵਾਅਦੇ ਕੀਤੇ ਜਾ ਚੁੱਕੇ ਹਨ। ਪਿੱਛੋਂ ਸੱਤਾ ਵਿੱਚ ਆਈ ਪਾਰਟੀ ਨੂੰ ਚੋਣ ਵਾਅਦੇ ਪੂਰੇ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਰਿਉੜੀਆਂ ਵੰਡਣ ਲਈ ਚੁੱਕਿਆ ਕਰਜ਼ਾ ਅਤੇ ਮੁਲਾਜ਼ਮਾਂ ਨੂੰ ਦਿੱਤੀ ਜਾਣ ਵਾਲੀ ਤਨਖ਼ਾਹ ਉੱਤੇ ਤਾਂ ਕੱਟ ਲਾਇਆ ਨਹੀਂ ਜਾ ਸਕਦਾ ਹੈ। ਸਰਕਾਰਾਂ ਨੂੰ ਆ ਰਹੇ ਮਾਲੀਏ ਦਾ ਵੱਡਾ ਹਿੱਸਾ ਚੋਣ ਵਾਅਦੇ ਪੂਰੇ ਕਰਨ ’ਤੇ ਚੁੱਕ ਕੇ ਕਰਜ਼ੇ ਦਾ ਵਿਆਜ ਮੁੜਨ ਵਿੱਚ ਚਲੇ ਜਾਂਦਾ ਹੈ। ਇਸ ਦੇ ਇਲਾਵਾ ਸਿਹਤ, ਸਿੱਖਿਆ, ਸੜਕਾਂ ਅਤੇ ਬੁਨਿਆਦੀ ਢਾਂਚਾ ਪੂਰਾ ਕਰਨ ਵਿੱਚ ਸਰਕਾਰਾਂ ਦਾ ਹੱਥ ਤੰਗ ਹੋ ਜਾਂਦਾ ਹੈ।

ਛੇ ਗਰੰਟੀਆਂ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਕਰਨਾਟਕ ਸਰਕਾਰ ਦੀ ਕਮਾਈ ਦਾ 35 ਫ਼ੀਸਦੀ ਹਿੱਸਾ ਚੋਣ ਵਾਅਦੇ ਪੂਰੇ ਕਰਨ ਵਿੱਚ ਜਾ ਰਿਹਾ ਹੈ। ਹੋਰ 40 ਫ਼ੀਸਦੀ ਰਕਮ ਤਨਖਾਹ ਭੱਤਿਆਂ ਅਤੇ ਕਰਜ਼ੇ ਦੇ ਵਿਆਜ ਵਿੱਚ ਚਲੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬ ਦੀ ਗੱਲ ਕਰੀਏ ਤਾਂ ਕੁੱਲ ਮਾਲੀਏ ਦਾ 21 ਫ਼ੀਸਦੀ ਅਤੇ ਹਰਿਆਣਾ ਦਾ 16 ਫ਼ੀਸਦੀ ਹਿੱਸਾ ਮੁਫ਼ਤ ਦੀਆਂ ਰਿਉੜੀਆਂ ਵੰਡਣ ਉੱਤੇ ਖ਼ਰਚ ਹੋ ਰਿਹਾ ਹੈ। ਪੰਜਾਬ ਸਰਕਾਰ ਨੂੰ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਾਉਣ ਵਿੱਚ ਵੀ ਦਿੱਕਤ ਆ ਰਹੀ ਹੈ।

ਤੇਲੰਗਾਨਾ ਸਰਕਾਰ ਦੀ ਕਮਾਈ ਦਾ 57 ਫ਼ੀਸਦੀ ਹਿੱਸਾ ਗਰੰਟੀਆਂ ਪੂਰੀਆਂ ਕਰਨ ਵਿੱਚ ਜਾ ਰਿਹਾ ਹੈ। ਹੋਰ 45 ਫ਼ੀਸਦੀ ਤਨਖ਼ਾਹ ਤੇ ਭੱਤਿਆਂ ਦੀ ਅਦਾਇਗੀ ਵਿੱਚ ਖਰਚ ਹੋ ਜਾਂਦਾ ਹੈ।

ਬਿਹਾਰ ਦੀ ਗੱਲ ਕਰੀਏ ਤਾਂ ਚੋਣ ਵਾਅਦਿਆਂ ਉੱਤੇ ਖ਼ਰਚ ਕੀਤੀ ਜਾਣ ਵਾਲੀ ਤੇ 30,920 ਕਰੋੜ ਰੁਪਏ ਦੀ ਰਕਮ ਕੁੱਲ ਮਾਲੀਏ ਦਾ 62 ਫ਼ੀਸਦੀ ਬਣਦੀ ਹੈ। ਸਰਕਾਰ ਨੂੰ 2024 -25 ਵਿੱਚ ਟੈਕਸ ਤੋਂ ਕਮਾਈ 54300 ਕਰੋੜ ਰੁਪਏ ਸੀ ਅਤੇ ਇਸ ਦਾ 17 ਫ਼ੀਸਦੀ ਹਿੱਸਾ ਵਿਆਜ਼ ਚੁਕਾਉਣ ਵਿੱਚ ਚਲੇ ਜਾਂਦਾ ਹੈ। ਅਗਲੀ ਸਰਕਾਰ ਵਾਅਦੇ ਪੂਰੇ ਕਰਦੀ ਹੈ ਤਾਂ ਕੁੱਲ ਕਮਾਈ ਦਾ 133 ਫ਼ੀਸਦੀ ਹਿੱਸਾ ਖ਼ਰਚ ਹੋ ਜਾਵੇਗਾ। ਪੰਜਾਬ ਵੱਲੋਂ 300 ਯੂਨਿਟ ਤੱਕ ਬਿਜਲੀ ਮੁਫ਼ਤ ਦੇਣ ਲਈ 1500 ਕਰੋੜ ਰੁਪਏ ਦੀ ਰਿਆਇਤ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਹਰਿਆਣਾ ਲਾਡੋ ਯੋਜਨਾ ਉੱਤੇ 10,800 ਕਰੋੜ ਰੁਪਏ ਖ਼ਰਚ ਕਰੇਗਾ। ਹਿਮਾਚਲ ਪ੍ਰਦੇਸ਼ ਇੰਦਰਾ ਗਾਂਧੀ ਪਿਆਰੀ ਭੈਣਾ ਯੋਜਨਾ ਉੱਤੇ 2100 ਕਰੋੜ ਰੁਪਏ ਖ਼ਰਚ ਕਰ ਰਿਹਾ ਹੈ। ਸਭ ਤੋਂ ਵੱਧ ਤੇਲੰਗਾਨਾ ਦੀ ਸਰਕਾਰ ਉੱਤੇ ਗਰੰਟੀਆਂ ਪੂਰੀਆਂ ਕਰਨ ਲਈ 56,084 ਦਾ ਬੋਝ ਪੈ ਰਿਹਾ ਹੈ ਜਦੋਂ ਕਿ ਕੁੱਲ ਕਮਾਈ 98 191 ਕਰੋੜ ਰੁਪਏ ਦੀ ਹੈ। ਇਹ ਅੰਕੜੇ ਭਾਰਤੀ ਰਿਜ਼ਰਵ ਬੈਂਕ ਅਤੇ ਸਟੇਟ ਬਜਟ ਡਾਕੂਮੈਂਟਸ ਤੋਂ ਸਾਹਮਣੇ ਆਏ ਹਨ।

ਇੱਥੇ ਹੀ ਬਸ ਨਹੀਂ ਚੋਣ ਪ੍ਰਚਾਰ ਉੱਤੇ ਕਰੋੜਾਂ ਰੁਪਏ ਦਾ ਕਾਲਾ ਧਨ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਖ਼ਰਚੇ ਦੀ ਇੱਕ ਉੱਪਰਲੀ ਹੱਦ ਮੁਕੱਰਰ ਕੀਤੀ ਗਈ ਹੈ। ਪਰ ਚੋਣ ਕਮਿਸ਼ਨ ਸਾਰੀ ਗੱਲ ਦੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਕਬੂਤਰ ਦੀ ਤਰ੍ਹਾਂ ਅੱਖਾਂ ਮੀਟੀ ਬੈਠਾ ਹੈ। ਰਲਾ ਮਿਲਾ ਕੇ ਇਹ ਪੈਸਾ ਵੋਟਰਾਂ ਦੀ ਜੇਬ ਵਿੱਚੋਂ ਆ ਰਿਹਾ ਹੈ। ਵੋਟਰਾਂ ਨੂੰ ਜਿਸ ਦਿਨ ਖ਼ਰਚ ਦੇ ਅਸਲੀ ਸਰੋਤ ਦਾ ਪਤਾ ਲੱਗ ਗਿਆ ਅਤੇ ਇਸ ਨੂੰ ਅੱਛੀ ਤਰ੍ਹਾਂ ਸਮਝ ਗਏ ਤਾਂ ਫਿਰ ਸਿਆਸੀ ਨੇਤਾਵਾਂ ਲਈ ਮੁਸ਼ਕਲ ਖੜ੍ਹੀ ਹੋ ਜਾਵੇਗੀ। ਮੁਲਕ ਦੀ ਜਨਤਾ ਵਿੱਚ ਜਦੋਂ ਰੋਸ ਖੜ੍ਹਾ ਹੋ ਗਿਆ ਤਦ ਸਿਆਸੀ ਨੇਤਾਵਾਂ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਣਾ। ਜਨਤਾ ਵਿੱਚ ਆਮ ਕਰਕੇ ਗੁੱਸਾ ਜੰਗਲ ਦੀ ਅੱਗ ਦੀ ਤਰ੍ਹਾਂ ਫੈਲਦਾ ਹੈ। ਜਦੋਂ ਜੰਗਲ ਵਿੱਚ ਅੱਗ ਲੱਗਦੀ ਹੈ ਤਾਂ ਨਾ ਤਾਂ ਪੰਛੀ ਬਚਦੇ ਹਨ ਅਤੇ ਨਾ ਹੀ ਰੁੱਖ। ਅਕਸਰ ਹੀ ਅੱਗ ਲਾਉਣ ਵਾਲੇ ਵੀ ਲਪੇਟ ’ਚ ਆ ਜਾਂਦੇ ਹਨ। ਅਸੀਂ ਇਹ ਬਿਲਕੁਲ ਨਹੀਂ ਕਹਿੰਦੇ ਕਿ ਭਾਰਤ ਵਿੱਚ ਨੇਪਾਲ ਦੀ ਤਰ੍ਹਾਂ ਵਿਦਰੋਹ ਖੜਾ ਹੋ ਸਕਦਾ ਹੈ ਪਰ ਲੋਕਾਂ ਵਿੱਚ ਗੁੱਸਾ ਭੜਕਣ ਲੱਗਿਆਂ ਦੇਰ ਵੀ ਨਹੀਂ ਲੱਗਦੀ ਹੈ।

ਚੋਣ ਤਿਕੜਮਬਾਜ਼ੀ ਦੀ ਗੱਲ ਕੀਤੀ ਜਾਵੇ ਤਾਂ ਪ੍ਰਚਾਰ ਤੋਂ ਲੈ ਕੇ ਜਿੱਤ ਤੱਕ ਉਮੀਦਵਾਰ ਆਪਣੀ ਸੋਚ ਦਾ ਹਲਕਾਪਣ ਦਿਖਾਉਣ ਉਤੇ ਉੱਤਰ ਆਏ ਹਨ। ਹੁਣ ਚੋਣ ਪ੍ਰਚਾਰ ਦੌਰਾਨ ਇਲਜ਼ਾਮਬਾਜ਼ੀ ਤੋਂ ਅੱਗੇ ਮੰਦੀ ਭਾਸ਼ਾ ਬੋਲਣ ਤੱਕ ਦੀ ਨੌਬਤ ਆ ਗਈ ਹੈ। ਸੱਚ ਤਾਂ ਇਹ ਹੈ ਕਿ ਸਿਆਸਤ ਦੀ ਨੈਤਿਕਤਾ ਨਾਲ ਕੋਈ ਵਾਹ ਵਾਸਤਾ ਨਹੀਂ ਰਿਹਾ ਲੱਗਦਾ ਹੈ। ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਸਿਆਸਤ ਨੂੰ ਸਿਖਰਾਂ ਵੱਲ ਲਿਜਾਣਾ ਚਾਹੁੰਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਜਿੱਤਣ ਵਾਸਤੇ ਕਿਸੇ ਵੀ ਉਮੀਦਵਾਰ ਲਈ ਕੁੱਲ ਪਈਆਂ ਵੋਟਾਂ ਦਾ 25 ਫ਼ੀਸਦੀ ਪ੍ਰਾਪਤ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਦਾ ਸਿੱਧਾ ਮਤਲਬ ਇਹ ਹੋਇਆ ਕਿ ਕਿਸੇ ਵੀ ਵਿਧਾਨ ਸਭਾ ਜਾਂ ਲੋਕ ਸਭਾ ਹਲਕੇ ਲਈ ਜੇਕਰ 1 ਲੱਖ ਵੋਟ ਭੁਗਤਦੀ ਹੈ ਤਾਂ ਇਸ ਵਿੱਚੋਂ ਜੇਤੂ ਉਮੀਦਵਾਰ ਲਈ 50 ਹਜ਼ਾਰ ਜਾਂ ਉਸ ਤੋਂ ਜ਼ਿਆਦਾ ਵੋਟ ਲੈਣ ਦੀ ਸ਼ਰਤ ਲਾਗੂ ਹੋਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਇਸ ਨਾਲ ਚੋਣ ਲੜਨ ਦੇ ਚਾਹਵਾਨਾਂ ਦੀ ਗਿਣਤੀ ਵੀ ਘੱਟ ਹੋ ਜਾਵੇਗੀ ਅਤੇ ਚੋਣਾਂ ਨੂੰ ਗੰਭੀਰਤਾ ਨਾਲ ਵੀ ਲੈਣ ਲੱਗ ਪਿਆ ਜਾਇਆ ਕਰੇਗਾ। ਉਹ ਅੱਜ ਦੇ ਚੋਣ ਅਮਲ ਵਿੱਚ ਜਿੱਤੇ ਹੋਏ ਉਮੀਦਵਾਰਾਂ ਨੂੰ ਵੀ ਹਾਰੇ ਹੋਏ ਮੰਨਦੇ ਸਨ।

ਪੰਜਾਬ ਦੀ ਗੱਲ ਕਰੀਏ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਿਰ ਕਰਜ਼ਾ ਚਾਰ ਕਰੋੜ ਤੋਂ ਉੱਪਰ ਟੱਪ ਚੁੱਕਾ ਹੈ। ਆਰਥਿਕ ਮਾਹਿਰ 31 ਮਾਰਚ 2027 ਤੱਕ ਇਸ ਦੇ ਸਵਾ ਪੰਜ ਕਰੋੜ ਤੋਂ ਵੀ ਪਾਰ ਕਰਨ ਦੇ ਅੰਦਾਜ਼ੇ ਦੱਸ ਰਹੇ ਹਨ। ਦੁੱਖ ਦੀ ਗੱਲ ਇਹ ਕਿ ਪੰਜਾਬ ਸਰਕਾਰ ਨੂੰ ਪਹਿਲਾਂ ਲਏ ਕਰਜ਼ੇ ਦਾ ਵਿਆਜ ਉਤਾਰਨ ਲਈ ਨਵਾਂ ਕਰਜ਼ਾ ਲੈਣਾ ਪੈ ਰਿਹਾ ਹੈ। ਪੰਜਾਬ ਵਿੱਚ ਅੱਜ ਹਰ ਬੱਚਾ ਆਪਣੇ ਸਿਰ ਸਵਾ ਲੱਖ ਕਰੋੜ ਦਾ ਕਰਜ਼ਾ ਲੈ ਕੇ ਪੈਦਾ ਹੋ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਾਲੇ ਮਹਿਲਾਵਾਂ ਨੂੰ 1000 ਮਹੀਨਾ ਦੇਣ ਦਾ ਚੋਣ ਵਾਅਦਾ ਪੂਰਾ ਕਰਨਾ ਪੈਣਾ ਹੈ। ਜਿਸ ਲਈ ਹੋਰ ਪੈਸੇ ਦੀ ਲੋੜ ਪਵੇਗੀ। ਪੰਜਾਬ ਸਰਕਾਰ ਪੈਸੇ ਇਕੱਠੇ ਕਰਨ ਲਈ ਹੱਥ ਪੈਰ ਮਾਰ ਰਹੀ ਹੈ।

ਇੱਕ ਕੌੜਾ ਸੱਚ ਕਹਿਣਾ ਪਵੇਗਾ ਕਿ ਭਾਰਤੀ ਚੋਣ ਕਮਿਸ਼ਨ ਤੋਂ ਚੋਣ ਸੁਧਾਰਾਂ ਦੀ ਉਮੀਦ ਕਰਨਾ ਹੀ ਵਿਅਰਥ ਹੈ। ਚੋਣ ਕਮਿਸ਼ਨ ਦਾ ਸਾਰਾ ਜ਼ੋਰ ਸੱਤਾਧਾਰੀ ਪਾਰਟੀ ਨੂੰ ਠੀਕ ਦੱਸਣ ਵਿੱਚ ਲੱਗਾ ਰਹਿੰਦਾ ਹੈ। ਹੁਣ ਸੁਪਰੀਮ ਕੋਰਟ ਨੇ ਡੰਡਾ ਖੜਕਾਇਆ ਹੈ, ਜਿਸ ਨਾਲ ਕੁਝ ਹੱਦ ਤੱਕ ਵੋਟਰਾਂ ਨੂੰ ਲਾਲਚ ਦੇਣ ਦੀ ਪ੍ਰਵਿਰਤੀ ਘਟੇਗੀ। ਵੋਟਰਾਂ ਵੀ ਮੁਫਤ ਦਾ ਖਾਣ ਦੀ ਲਲਕ ਛੱਡ ਦੇਣ ਤਦ ਉਹ ਸਿਆਸਤਦਾਨਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਦਾ ਦਮ ਰੱਖ ਸਕਣਗੇ।



ਵਿੰਕਲਜੀਤ ਸਿੰਘ ਸਰਾ
9501477889

*ਸਾਕਾ ਨਨਕਾਣਾ ਸਾਹਿਬ*

# ਸਿੱਖੀ ਸਿਦਕ, ਸ਼ਹਾਦਤ ਅਤੇ ਗੁਰਦੁਆਰਾ ਸੁਧਾਰ ਦਾ ਗੌਰਵਮਈ ਇਤਿਹਾਸ

**ਸਾਕਾ ਨਨਕਾਣਾ ਸਾਹਿਬ ਕੀ ਹੈ ?**
ਸਿੱਖ ਇਤਿਹਾਸ ਵਿੱਚ ‘ਸਾਕਾ’ ਉਸ ਦਰਦਨਾਕ ਪਰ ਗੌਰਵਮਈ ਘਟਨਾ ਨੂੰ ਕਿਹਾ ਜਾਂਦਾ ਹੈ, ਜਿੱਥੇ ਕੌਮ ਦੇ ਸੂਰਬੀਰ ਆਪਣੇ ਧਰਮ, ਅਣਖ ਅਤੇ ਗੁਰੂ-ਧਾਮਾਂ ਦੀ ਪਵਿੱਤਰਤਾ ਲਈ ਅਸਹਿ ਕਸ਼ਟ ਸਹਾਰਦੇ ਹੋਏ ਸ਼ਹਾਦਤ ਦਾ ਜਾਮ ਪੀਂਦੇ ਹਨ। ਸਾਕਾ ਨਨਕਾਣਾ ਸਾਹਿਬ ਜੋ 20 ਫਰਵਰੀ 1921 ਨੂੰ ਵਾਪਰਿਆ, ਵੀਹਵੀਂ ਸਦੀ ਦਾ ਸਭ ਤੋਂ ਵੱਡਾ ‘ਘੱਲੂਘਾਰਾ’ ਸੀ। ਇਹ ਸਾਕਾ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਅਸਥਾਨ ਨੂੰ ਭ੍ਰਿਸ਼ਟ ਮਹੰਤਾਂ ਅਤੇ ਅੰਗਰੇਜ਼ ਹਕੂਮਤ ਦੇ ਗਠਜੋੜ ਤੋਂ ਆਜ਼ਾਦ ਕਰਵਾਉਣ ਲਈ ਨਿਹੱਥੇ ਸਿੰਘਾਂ ਵੱਲੋਂ ਦਿੱਤੀ ਗਈ ਬੇਮਿਸਾਲ ਕੁਰਬਾਨੀ ਦਾ ਪ੍ਰਸੰਗ ਹੈ। ਜਦੋਂ ਸਬਰ ਅਤੇ ਸਿਦਕ ਨੇ ਜ਼ੁਲਮ ਦੀਆਂ ਤੋਪਾਂ ਅਤੇ ਗੋਲੀਆਂ ਨੂੰ ਮਾਤ ਦਿੱਤੀ, ਉਸ ਘਟਨਾ ਨੂੰ ਇਤਿਹਾਸ ‘ਸਾਕਾ ਨਨਕਾਣਾ ਸਾਹਿਬ’ ਵਜੋਂ ਸਤਿਕਾਰਦਾ ਹੈ।

**ਗੁਰੂ-ਧਾਮਾਂ ਦੀ ਸਥਿਤੀ ਅਤੇ ਮਹੰਤਾਂ ਦਾ ਕੁਪ੍ਰਬੰਧ** : ਸਿੱਖ ਰਾਜ ਦੇ ਪਤਨ ਤੋਂ ਬਾਅਦ ਪੰਜਾਬ ’ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ਾਂ ਨੇ ਸਿੱਖਾਂ ਦੀ ਧਾਰਮਿਕ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਗੁਰਦੁਆਰਿਆਂ ਦਾ ਪ੍ਰਬੰਧ ਅਜਿਹੇ ਮਹੰਤਾਂ ਨੂੰ ਸੌਂਪ ਦਿੱਤਾ ਜੋ ਸਿੱਖੀ ਸਿਧਾਂਤਾਂ ਤੋਂ ਕੋਹਾਂ ਦੂਰ ਸਨ।

**ਮਰਯਾਦਾ ਦੀ ਹੇਠੀ**: ਨਨਕਾਣਾ ਸਾਹਿਬ ਦਾ ਮੁੱਖ ਪ੍ਰਬੰਧਕ ਮਹੰਤ ਨਾਰਾਇਣ ਦਾਸ ਸੀ। ਉਸ ਨੇ ਗੁਰੂ-ਘਰ ਨੂੰ ਆਪਣੀ ਨਿੱਜੀ ਜਾਇਦਾਦ ਸਮਝ ਲਿਆ ਸੀ। ਗੁਰਦੁਆਰੇ ਦੇ ਅੰਦਰ ਸ਼ਰਾਬ, ਕਬਾਬ ਅਤੇ ਨਾਚ-ਗਾਣੇ ਵਰਗੀਆਂ ਮਨਮੱਤਾਂ ਹੋਣ ਲੱਗੀਆਂ।

**ਸੰਗਤ ਦੀ ਬੇਅਦਬੀ**: ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਅਤੇ ਬੀਬੀਆਂ ਦੀ ਇੱਜ਼ਤ ਵੀ ਮਹੰਤ ਦੇ ਗੁੰਡਿਆਂ ਹੱਥੋਂ ਸੁਰੱਖਿਅਤ ਨਹੀਂ ਸੀ। ਸਿੱਖ ਕੌਮ ਲਈ ਇਹ ਸਥਿਤੀ ਅਸਹਿ ਹੁੰਦੀ ਜਾ ਰਹੀ ਸੀ। ਬਾਬੇ ਨਾਨਕ ਦੀ ਧਰਤੀ ’ਤੇ ਪਾਪ ਦਾ ਪਸਾਰਾ ਦੇਖ ਕੇ ਪੰਥ ਦੇ ਹਿਰਦੇ ਵਲੂੰਧਰੇ ਗਏ।

**ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਜਥੇਬੰਦੀ** : ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਜੋ ਜਾਗਰੂਕਤਾ ਪੈਦਾ ਕੀਤੀ ਸੀ ਉਸ ਨੇ ‘ਗੁਰਦੁਆਰਾ ਸੁਧਾਰ ਲਹਿਰ’ ਨੂੰ ਜਨਮ ਦਿੱਤਾ। ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਇਸ ਦਾ ਮੁੱਖ ਨਿਸ਼ਾਨਾ ਗੁਰੂ-ਧਾਮਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਪੰਥਕ ਮਰਯਾਦਾ ਬਹਾਲ ਕਰਨਾ ਸੀ। ਅਕਾਲੀ ਜਥੇ ਬਣਨੇ ਸ਼ੁਰੂ ਹੋਏ, ਜਿਨ੍ਹਾਂ ਨੇ ਸ਼ਾਂਤਮਈ ਰਹਿ ਕੇ ਮੋਰਚੇ ਲਗਾਉਣ ਦਾ ਪ੍ਰਣ ਲਿਆ।

**ਮਹੰਤ ਨਾਰਾਇਣ ਦਾਸ ਦੀ ਖ਼ੂਨੀ ਸਾਜ਼ਿਸ਼** : ਮਹੰਤ ਨਾਰਾਇਣ ਦਾਸ ਨੂੰ ਜਦੋਂ ਅਹਿਸਾਸ ਹੋਇਆ ਕਿ ਸਿੱਖ ਸੰਗਤ ਗੁਰਦੁਆਰੇ ਦਾ ਪ੍ਰਬੰਧ ਲੈਣ ਲਈ ਤਿਆਰ ਹੈ ਤਾਂ ਉਸ ਨੇ ਸੁਧਾਰ ਕਰਨ ਦੀ ਬਜਾਏ ਹਿੰਸਾ ਦਾ ਰਾਹ ਚੁਣਿਆ। ਉਸ ਨੇ ਗੁਰਦੁਆਰੇ ਦੇ ਅੰਦਰ ਸੈਂਕੜੇ ਪਠਾਣ ਅਤੇ ਭਾੜੇ ਦੇ ਕਾਤਲ ਇਕੱਠੇ ਕੀਤੇ। ਹਜ਼ਾਰਾਂ ਦੀ ਗਿਣਤੀ ਵਿੱਚ ਗੋਲੀ-ਸਿੱਕਾ, ਤੇਲ ਦੇ ਪੀਪੇ ਅਤੇ ਲੱਕੜਾਂ ਦਾ ਪ੍ਰਬੰਧ ਕੀਤਾ। ਅੰਗਰੇਜ਼ ਅਫ਼ਸਰਾਂ ਨਾਲ ਗੰਢ-ਤੁੱਪ ਕੀਤੀ ਤਾਂ ਜੋ ਉਸ ਦੇ ਜ਼ੁਲਮ ’ਤੇ ਪਰਦਾ ਪਾਇਆ ਜਾ ਸਕੇ।

**20 ਫਰਵਰੀ 1921: ਸ਼ਹਾਦਤ ਦਾ ਉਹ ਭਿਆਨਕ ਦਿਨ** : ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ ਝੱਬਰ ਵਰਗੇ ਜਰਨੈਲਾਂ ਨੇ ਫੈਸਲਾ ਕੀਤਾ ਕਿ ਗੁਰਦੁਆਰੇ ਦੀ ਮਰਯਾਦਾ ਨੂੰ ਬਹਾਲ ਕਰਨ ਲਈ ਜਥਾ ਭੇਜਿਆ ਜਾਵੇ।

**ਜਥੇ ਦੀ ਰਵਾਨਗੀ ਅਤੇ ਅਰਦਾਸ**: ਭਾਈ ਲਛਮਣ ਸਿੰਘ ਜੀ ਦੀ ਅਗਵਾਈ ਹੇਠ ਲਗਭਗ 150-200 ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਵੱਲ ਰਵਾਨਾ ਹੋਇਆ। ਸਿੰਘਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕੀਤੀ ਸੀ: ਹੇ ਸੱਚੇ ਪਾਤਸ਼ਾਹ ! ਚਾਹੇ ਸਾਡੇ ਸਰੀਰ ਦੇ ਬੰਦ-ਬੰਦ ਕੱਟ ਦਿੱਤੇ ਜਾਣ, ਪਰ ਅਸੀਂ ਗੁਰੂ-ਘਰ ਦੀ ਆਜ਼ਾਦੀ ਲਈ ਸ਼ਾਂਤਮਈ ਰਹਿ ਕੇ ਸ਼ਹਾਦਤ ਦੇਵਾਂਗੇ। ਸਿੰਘਾਂ ਦੇ ਹੱਥਾਂ ਵਿੱਚ ਕੋਈ ਹਥਿਆਰ ਨਹੀਂ ਸੀ ਸਿਰਫ਼ ਮੁੱਖ ’ਤੇ ‘ਵਾਹਿਗੁਰੂ’ ਦਾ ਜਾਪ ਸੀ।

**ਦਰਿੰਦਗੀ ਦਾ ਨੰਗਾ ਨਾਚ**: ਜਦੋਂ ਜਥਾ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਇਆ, ਤਾਂ ਮਹੰਤ ਦੇ ਗੁੰਡਿਆਂ ਨੇ ਅਚਾਨਕ ਗੋਲੀਆਂ ਚਲਾ ਦਿੱਤੀਆਂ। ਦਰਵਾਜ਼ੇ ਬੰਦ ਕਰ ਦਿੱਤੇ ਗਏ ਤਾਂ ਜੋ ਕੋਈ ਬਾਹਰ ਨਾ ਨਿਕਲ ਸਕੇ। ਸਿੰਘਾਂ ’ਤੇ ਕਿਰਪਾਨਾਂ ਅਤੇ ਗੰਡਾਸਿਆਂ ਨਾਲ ਹਮਲੇ ਕੀਤੇ ਗਏ।

**ਭਾਈ ਲਛਮਣ ਸਿੰਘ ਜੀ ਦੀ ਲਾਸਾਨੀ ਕੁਰਬਾਨੀ**: ਭਾਈ ਲਛਮਣ ਸਿੰਘ ਜੀ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ। ਉਹਨਾਂ ਨੇ ਗੋਲੀਆਂ ਦੀ ਪਰਵਾਹ ਨਾ ਕੀਤੀ ਅਤੇ ਗੁਰੂ ਦੀ ਹਜ਼ੂਰੀ ਵਿੱਚ ਅਡੋਲ ਰਹੇ। ਜਾਲਮਾਂ ਨੇ ਉਹਨਾਂ ਨੂੰ ਉੱਥੋਂ ਉਠਾ ਕੇ ਨੇੜੇ ਖੜ੍ਹੇ ਜੰਡ ਦੇ ਰੁੱਖ ਨਾਲ ਪੁੱਠਾ ਲਟਕਾ ਦਿੱਤਾ ਅਤੇ ਤੇਲ ਪਾ ਕੇ ਜਿਉਂਦੇ ਜੀਅ ਸਾੜ ਦਿੱਤਾ। ਇਹ ਦੇਖ ਕੇ ਰੂਹ ਕੰਬ ਜਾਂਦੀ ਹੈ ਕਿ ਇੱਕ ਸਿੱਖ ਨੇ ਆਪਣੇ ਗੁਰੂ ਦੇ ਸਤਿਕਾਰ ਲਈ ਕਿੱਡਾ ਵੱਡਾ ਕਸ਼ਟ ਸਹਾਰਿਆ।

**ਭਾਈ ਦਲੀਪ ਸਿੰਘ ਜੀ ਦਾ ਸਿਦਕ**: ਭਾਈ ਦਲੀਪ ਸਿੰਘ, ਜੋ ਕਿ ਮਹੰਤ ਦੇ ਜਾਣੂੰ ਸਨ, ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਪਾਪ ਨਾ ਕਰ। ਪਰ ਮਹੰਤ ਨੇ ਉਹਨਾਂ ਨੂੰ ਵੀ ਚਲਦੀ ਭੱਠੀ ਵਿੱਚ ਸੁੱਟ ਦਿੱਤਾ। ਅਜਿਹੀ ਦਰਿੰਦਗੀ ਇਤਿਹਾਸ ਵਿੱਚ ਕਿਤੇ ਹੋਰ ਨਹੀਂ ਮਿਲਦੀ।

**ਸਾਕੇ ਤੋਂ ਬਾਅਦ: ਕੌਮੀ ਜਾਗਰੂਕਤਾ ਅਤੇ ਜਿੱਤ** : ਇਸ ਸਾਕੇ ਦੀ ਖ਼ਬਰ ਨੇ ਪੂਰੀ ਦੁਨੀਆ ਨੂੰ ਹਿਲਾ ਦਿੱਤਾ। ਸਿੱਖਾਂ ਦੇ ਸਬਰ ਦੀ ਚਰਚਾ ਹਰ ਪਾਸੇ ਹੋਣ ਲੱਗੀ।

**ਅੰਗਰੇਜ਼ਾਂ ਦਾ ਝੁਕਣਾ**: ਅੰਗਰੇਜ਼ ਹਕੂਮਤ ਸਮਝ ਗਈ ਕਿ ਹੁਣ ਸਿੱਖਾਂ ਨੂੰ ਦਬਾਉਣਾ ਮੁਸ਼ਕਲ ਹੈ। ਸਰਕਾਰ ਨੂੰ ਗੁਰਦੁਆਰੇ ਦੀਆਂ ਚਾਬੀਆਂ ਸਿੱਖ ਕੌਮ ਨੂੰ ਸੌਂਪਣੀਆਂ ਪਈਆਂ।

**ਗੁਰਦੁਆਰਾ ਐਕਟ (1925)**: ਇਸ ਸਾਕੇ ਦੀ ਬਦੌਲਤ ਹੀ ਗੁਰਦੁਆਰਾ ਸੁਧਾਰ ਲਹਿਰ ਸਿਖਰ ’ਤੇ ਪਹੁੰਚੀ ਅਤੇ ਅਖੀਰ 1925 ਵਿੱਚ ਗੁਰਦੁਆਰਾ ਐਕਟ ਪਾਸ ਹੋਇਆ, ਜਿਸ ਨਾਲ ਗੁਰੂ-ਧਾਮਾਂ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆਇਆ।

**ਸਾਕਾ ਨਨਕਾਣਾ ਸਾਹਿਬ ਦੀ ਇਤਿਹਾਸਕ ਦੇਣ : ਸਿੱਖੀ ਸਿਦਕ ਦੀ ਜਿੱਤ**: ਇਸ ਸਾਕੇ ਨੇ ਸਾਬਤ ਕੀਤਾ ਕਿ ਸਿੱਖ ਸ਼ਾਂਤਮਈ ਰਹਿ ਕੇ ਵੀ ਵੱਡੇ ਤੋਂ ਵੱਡੇ ਜ਼ੁਲਮ ਨੂੰ ਹਰਾ ਸਕਦਾ ਹੈ।

**ਪੰਥਕ ਏਕਤਾ**: ਇਸ ਘਟਨਾ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਇੱਕ ਪਲੇਟਫਾਰਮ ’ਤੇ ਇਕੱਠਾ ਕਰ ਦਿੱਤਾ।

**ਸੰਸਥਾਗਤ ਮਜ਼ਬੂਤੀ**: ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵਰਗੀਆਂ ਜਥੇਬੰਦੀਆਂ ਇਸੇ ਸ਼ਹਾਦਤ ਦੀ ਨੀਂਹ ’ਤੇ ਖੜ੍ਹੀਆਂ ਹੋਈਆਂ।

**ਅਜੋਕੇ ਸਮੇਂ ਵਿੱਚ ਸਾਡੀ ਜ਼ਿੰਮੇਵਾਰੀ** : ਅੱਜ ਜਦੋਂ ਅਸੀਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ। ਕੀ ਅਸੀਂ ਉਹਨਾਂ ਗੁਰਦੁਆਰਿਆਂ ਦੀ ਮਰਯਾਦਾ ਨੂੰ ਕਾਇਮ ਰੱਖ ਰਹੇ ਹਾਂ, ਜਿਨ੍ਹਾਂ ਲਈ ਸਾਡੇ ਪੁਰਖਿਆਂ ਨੇ ਆਪਣੇ ਸਰੀਰ ਸਾੜ ਲਏ ? ਸਾਨੂੰ ਗੁਰਬਾਣੀ ਅਤੇ ਗੁਰਮਤਿ ਮਰਯਾਦਾ ਅਨੁਸਾਰ ਜੀਵਨ ਜਿਊਣਾ ਚਾਹੀਦਾ ਹੈ। ਗੁਰੂ-ਘਰ ਦੀ ਸੇਵਾ-ਸੰਭਾਲ ਵਿੱਚ ਇਮਾਨਦਾਰੀ ਅਤੇ ਨਿਮਰਤਾ ਹੋਣੀ ਚਾਹੀਦੀ ਹੈ।

ਸਾਕਾ ਨਨਕਾਣਾ ਸਾਹਿਬ ਸਿੱਖ ਇਤਿਹਾਸ ਦਾ ਉਹ ਖ਼ੂਨੀ ਪੰਨਾ ਹੈ, ਜਿਸ ਦੀ ਸਿਆਹੀ ਸ਼ਹੀਦਾਂ ਦਾ ਲਹੂ ਹੈ। ਇਹ ਸਾਨੂੰ ਹਮੇਸ਼ਾ ਯਾਦ ਦਿਵਾਉਂਦਾ ਰਹੇਗਾ ਕਿ ਸੱਚਾਈ ਦੀ ਰਾਹ ’ਤੇ ਚੱਲਦਿਆਂ ਕੁਰਬਾਨੀ ਤਾਂ ਦੇਣੀ ਪੈਂਦੀ ਹੈ, ਪਰ ਅੰਤ ਵਿੱਚ ਜਿੱਤ ‘ਧਰਮ’ ਦੀ ਹੀ ਹੁੰਦੀ ਹੈ। ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਉਹਨਾਂ ਦੇ ਸਾਥੀ ਸ਼ਹੀਦਾਂ ਦਾ ਜੀਵਨ ਸਾਡੇ ਲਈ ਹਮੇਸ਼ਾ ਚਾਨਣ-ਮੁਨਾਰਾ ਬਣਿਆ ਰਹੇਗਾ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਕਈ ਬਿਮਾਰੀਆਂ ਨੂੰ ਦੂਰ ਕਰਦੈ ਕਰੇਲੇ ਦਾ ਜੂਸ

ਕਰੇਲੇ ਸਾਡੇ ਸਰੀਰ ਲਈ ਬੇਹੱਦ ਲਾਭਕਾਰੀ ਹਨ। ਕਰੇਲਾ ਖਾਣ ਜਾਂ ਜੂਸ ਪੀਣ ਨਾਲ ਸਾਡੀ ਸਿਹਤ ਨੂੰ ਕਾਫ਼ੀ ਲਾਭ ਹੁੰਦਾ ਹੈ। ਇਹ ਸਾਡੇ ਖ਼ੂਨ ਤੋਂ ਲੈ ਕੇ ਲਿਵਰ ਤਕ ਨੂੰ ਠੀਕ ਰਖਦੇ ਹਨ। ਕਰੇਲਾ ਦਵਾਈਆਂ ਬਣਾਉਣ ਵਿਚ ਵਰਤਿਆ ਜਾਂਦਾ ਹੈ। ਹਾਲਾਂਕਿ ਇਹ ਸਵਾਦ ਵਿਚ ਕੌੜਾ ਹੁੰਦਾ ਹੈ ਪਰ ਰੋਜ਼ਾਨਾ ਇਕ ਗਲਾਸ ਕਰੇਲੇ ਦਾ ਜੂਸ ਪੀਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਕੱਚੇ ਕਰੇਲੇ ਦਾ ਜੂਸ ਬਹੁਤ ਲਾਭਕਾਰੀ ਹੈ ਕਿਉਂਕਿ ਇਸ ਵਿਚ ਸਾਰੇ ਵਿਟਾਮਿਨਜ਼ ਅਤੇ ਐਂਟੀ-ਆਕਸੀਡੈਂਟਸ ਹੁੰਦੇ ਹਨ ਜੋ ਕਿ ਸਰੀਰ ਨੂੰ ਚਾਹੀਦੇ ਹੁੰਦੇ ਹਨ।



**ਸ਼ੂਗਰ ਨੂੰ ਕੰਟਰੋਲ ਕਰੇ ;** ਸ਼ੂਗਰ ਨੂੰ ਕੰਟਰੋਲ ਕਰਨ ਲਈ ਤੁਸੀਂ ਤਿੰਨ ਦਿਨਾਂ ਤਕ ਖ਼ਾਲੀ ਪੇਟ ਸਵੇਰੇ ਕਰੇਲੇ ਦਾ ਜੂਸ ਲੈ ਸਕਦੇ ਹੋ। ਕਰੇਲੇ ਦਾ ਜੂਸ ਬਲੱਡ ਸ਼ੂਗਰ ਲੈਵਲ ਨੂੰ ਘੱਟ ਕਰਦਾ ਹੈ। ਭੁੱਖ ਨਾ ਲੱਗਣ ਨਾਲ ਸਰੀਰ ਨੂੰ ਪੂਰਾ ਪੋਸ਼ਣ ਨਹੀਂ ਮਿਲ ਸਕਦਾ ਜਿਸ ਨਾਲ ਸਿਹਤ ਨਾਲ ਸਬੰਧਤ ਪ੍ਰੇਸ਼ਾਨੀਆਂ ਹੁੰਦੀਆਂ ਹਨ। ਇਸ ਲਈ ਕਰੇਲੇ ਦੇ ਜੂਸ ਨੂੰ ਰੋਜ਼ਾਨਾ ਪੀਣ ਨਾਲ ਪਾਚਨ ਕਿਰਿਆ ਸਹੀ ਰਹਿੰਦੀ ਹੈ, ਜਿਸ ਨਾਲ ਭੁੱਖ ਵਧਦੀ ਹੈ।

**ਸੋਰਾਈਸਿਸ ਦੇ ਲੱਛਣ ਦੂਰ ਕਰੇ ;** ਇਕ ਕੱਪ ਕਰੇਲੇ ਦੇ ਜੂਸ ਵਿਚ ਇਕ ਚਮਚਾ ਨਿੰਬੂ ਦਾ ਜੂਸ ਮਿਲਾ ਲਉ। ਇਸ ਮਿਸ਼ਰਣ ਦੀ ਵਰਤੋਂ ਖ਼ਾਲੀ ਪੇਟ ਕਰੋ। ਤਿੰਨ ਤੋਂ ਛੇ ਮਹੀਨਿਆਂ ਤਕ ਇਸ ਦੀ ਵਰਤੋਂ ਕਰਨ ਨਾਲ ਚਮੜੀ 'ਤੇ ਸੋਰਾਈਸਿਸ ਦੇ ਲੱਛਣ ਦੂਰ ਹੁੰਦੇ ਹਨ। ਇਹ ਤੁਹਾਡੀ ਰੋਗ ਵਿਰੋਧੀ ਸਮਰੱਥਾ ਨੂੰ ਵੀ ਵਧਾਉਂਦਾ ਹੈ।

**ਲਿਵਰ ਦੀਆਂ ਬੀਮਾਰੀਆਂ ਦੂਰ ਕਰੇ ;** ਰੋਜ਼ਾਨਾ ਇਕ ਗਲਾਸ ਕਰੇਲੇ ਦਾ ਜੂਸ ਪੀਣ ਨਾਲ ਲਿਵਰ ਮਜ਼ਬੂਤ ਹੁੰਦਾ ਹੈ ਕਿਉਂਕਿ ਇਹ ਪੀਲੀਆ ਵਰਗੀਆਂ ਬੀਮਾਰੀਆਂ ਨੂੰ ਦੂਰ ਰਖਦਾ ਹੈ। ਨਾਲ ਹੀ ਇਹ ਲਿਵਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ ਅਤੇ ਪੋਸ਼ਣ ਪ੍ਰਦਾਨ ਕਰਦਾ ਹੈ ਜਿਸ ਨਾਲ ਲਿਵਰ ਸਹੀ ਕੰਮ ਕਰਦਾ ਹੈ ਅਤੇ ਲਿਵਰ ਦੀਆਂ ਬੀਮਾਰੀਆਂ ਦੂਰ ਰਹਿੰਦੀਆਂ ਹਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਟਿਆਲਾ ਵਿਖੇ ਭਾਰਤੀ ਪ੍ਰਦੂਸ਼ਨ ਕੰਟਰੋਲ ਸੰਸਥਾ ਵੱਲੋਂ 'ਸਾਡਾ ਪੰਜਾਬ, ਸਵੱਛ ਪੰਜਾਬ' ਦੀ ਮੁਹਿੰਮ ਦੀ ਸ਼ੁਰੂਆਤ

ਪਟਿਆਲਾ, 20 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪਟਿਆਲਾ ਵਿਖੇ ਬੀਤੇ ਕੁਝ ਦਿਨ ਪਹਿਲਾਂ ਮਿਤੀ 10 ਫ਼ਰਵਰੀ 2026 ਦਿਨ ਮੰਗਲਵਾਰ ਨੂੰ ਭਾਰਤੀ ਪ੍ਰਦੂਸ਼ਣ ਕੰਟਰੋਲ ਸੰਸਥਾ ਵੱਲੋਂ @ਸਾਡਾ ਪੰਜਾਬ, ਸਵੱਛ ਪੰਜਾਬ÷ ਦੇ ਤਹਿਤ ਇੱਕ ਸੈਮੀਨਾਰ ਲਗਾਇਆ ਗਿਆ ਸੀ ।ਜਿਸ ਦੇ ਮੱਦੇਨਜ਼ਰ ਉਹਨਾਂ ਦੇ ਮੈਂਬਰਾਂ ਵੱਲੋਂ ਅੱਜ ਮਿਤੀ 20 ਫ਼ਰਵਰੀ 2026 ਦਿਨ ਸ਼ੁੱਕਰਵਾਰ ਨੂੰ ਫਿਰ ਤੋਂ ਸਕੂਲ ਦੇ ਵਿਦਿਆਰਥੀਆਂ ਨੂੰ ਰਹਿੰਦ ਖੂੰਹਦ ਨੂੰ ਵੱਖ ਕਰਨਾ, ਗਿੱਲਾ ਕੂੜਾ ਹਰੇ ਕੂੜੇਦਾਨ ਵਿੱਚ ਅਤੇ ਸੁੱਕਾ ਕੂੜਾ ਨੀਲੇ ਕੂੜੇਦਾਨ ਵਿੱਚ ਪਾਉਣ ਬਾਰੇ ਹਦਾਇਤਾਂ ਦਿੱਤੀਆਂ ਗਈਆਂ । ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਇਧਰ ਉਧਰ ਕੂੜਾ ਨਾਂ ਸੁੱਟਣ, ਗੰਦਗੀ ਨਾ ਫੈਲਾਉਣ ਬਾਰੇ ਸਮਝਾਇਆ ਗਿਆ। ਉਨ੍ਹਾਂ ਵੱਲੋਂ ਸਕੂਲ ਨੂੰ ਰਹਿੰਦ ਖੂਹੰਦ ਤੋਂ ਤਿਆਰ ਕੀਤਾ ਗਿਆ ਇੱਕ ਕੂੜੇਦਾਨ ਵੀ ਸਪਲਾਈ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਸੁੱਕਾ ਕੂੜਾ ਇਕੱਠਾ ਕਰਨ ਦੀ ਪ੍ਰੇਰਨਾ ਦਿੱਤੀ ਗਈ। ਅਤੇ ਉਨ੍ਹਾਂ ਦੇ ਮੈਂਬਰਾਂ ਨੇ ਦੱਸਿਆ ਕਿ ਉਹ ਸਮੇਂ ਸਮੇਂ ਤੇ ਆ ਕੇ ਇੱਥੋਂ ਕੂੜਾ ਇਕੱਠਾ ਕਰਕੇ ਲੈ ਕੇ ਜਾਣਗੇ ਅਤੇ ਉਸ ਤੋਂ ਸਮਾਨ ਤਿਆਰ ਕਰਨਗੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਟਿਆਲਾ ਦੇ ਵਿੱਚ ਹੀ ਰਹਿੰਦ-ਖੂੰਹਦ ਤੋਂ ਉਪਯੋਗੀ ਸਮਾਨ ਬਣਾਉਣ ਵਾਲੇ ਪਲਾਂਟ ਤੇ ਲੈ ਕੇ ਜਾਣ ਦਾ ਵਾਅਦਾ ਕੀਤਾ। ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਆਪਣੇ ਪੰਜਾਬ ਨੂੰ ਸਵੱਛ ਬਣਾਉਣ ਵਿੱਚ ਪੂਰਾ ਸਹਿਯੋਗ ਦੇਣ ਦਾ ਪ੍ਰਣ ਲਿਆ ।ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਆਈਪੀਸੀਏ ਦੇ ਮੈਂਬਰਾਂ ਦਾ ਸਕੂਲ ਪਹੁੰਚ ਕੇ ਇੰਨੀ ਮਹੱਤਵਪੂਰਨ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕਰਨ ਤੇ ਧੰਨਵਾਦ ਕੀਤਾ ਗਿਆ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਪੰਜਾਬ ਨੂੰ ਸਵੱਛ ਬਣਾਉਣ ਦੇ ਇਸ ਕੰਮ ਵਿੱਚ ਆਪਣਾ ਭਰਪੂਰ ਯੋਗਦਾਨ ਦੇਣਗੇ ।



# ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 20 ਫਰਵਰੀ (ਚ.ਨ.ਸ.) : ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਸ਼੍ਰੀ ਐਂਟੋਨੀਓ ਗੁਟੇਰੇਸ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਨੇ ਸਮੁੱਚੀ ਮਨੁੱਖਤਾ ਦੀ ਸੇਵਾ ਲਈ ਏਆਈ 'ਤੇ ਇੱਕ ਗਲੋਬਲ ਵਿਗਿਆਨਕ ਪੈਨਲ ਬਣਾਉਣ ਲਈ ਸਕੱਤਰ ਜਨਰਲ ਗੁਟੇਰੇਸ ਦੀ ਪਹਿਲਕਦਮੀ ਦਾ ਸਵਾਗਤ ਕੀਤਾ।ਸਕੱਤਰ ਜਨਰਲ ਗੁਟੇਰੇਸ ਨੇ ਸਫਲ ਏਆਈ ਪ੍ਰਭਾਵ ਸੰਮੇਲਨ ਬੁਲਾਉਣ ਵਿੱਚ ਭਾਰਤ ਦੀ ਲੀਡਰਸ਼ਿਪ ਭੂਮਿਕਾ ਅਤੇ ਵੱਖ-ਵੱਖ ਖੇਤਰਾਂ ਵਿੱਚ ਸੰਯੁਕਤ ਰਾਸ਼ਟਰ ਨਾਲ ਇਸ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ। ਰਾਸ਼ਟਰਪਤੀ ਨੇ ਨੋਟ ਕੀਤਾ ਕਿ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਦੇ ਸਮੇਂ, ਬਹੁਪੱਖੀਵਾਦ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਵਿਸ਼ਵਾਸ ਦੀ ਘਾਟ ਦਾ ਵਾਧਾ ਵੀ ਸ਼ਾਮਲ ਹੈ। ਉਸਨੇ ਅੱਗੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮੌਜੂਦਾ ਪੁਰਾਣੇ ਢਾਂਚੇ ਨੂੰ ਸਮਕਾਲੀ ਭੂ-ਰਾਜਨੀਤਿਕ ਹਕੀਕਤਾਂ ਨੂੰ ਦਰਸਾਉਣ ਲਈ ਸੁਧਾਰਿਆ ਜਾਣਾ ਚਾਹੀਦਾ ਹੈ, ਅਤੇ ਗਲੋਬਲ ਸਾਊਥ ਨੂੰ ਫੈਸਲੇ ਲੈਣ ਵਿੱਚ ਵਧੇਰੇ ਹਿੱਸਾ ਲੈਣਾ ਚਾਹੀਦਾ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਤੁਰੰਤ ਸੁਧਾਰ ਸੰਯੁਕਤ ਰਾਸ਼ਟਰ ਦੀ ਸਾਰਥਕਤਾ ਅਤੇ ਪ੍ਰਭਾਵਸ਼ੀਲਤਾ ਨੂੰ ਬਣਾਈ ਰੱਖਣ ਦੀ ਕੁੰਜੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਕਿ ਪਹਿਲਕਦਮੀ ਸੁਧਾਰਾਂ ਲਈ ਇੱਕ ਚੰਗਾ ਪਲੇਟਫਾਰਮ ਪ੍ਰਦਾਨ ਕਰਦੀ ਹੈ, ਇਹ ਮਹੱਤਵਪੂਰਨ ਹੈ ਕਿ ਗਲੋਬਲ ਸਾਊਥ ਦੀਆਂ ਵਿਕਾਸ ਸੰਬੰਧੀ ਤਰਜੀਹਾਂ ਨੂੰ ਕਿਸੇ ਵੀ ਪੁਨਰਗਠਨ ਅਭਿਆਸ ਵਿੱਚ ਸੁਰੱਖਿਅਤ ਰੱਖਿਆ ਜਾਵੇ। ਰਾਸ਼ਟਰਪਤੀ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਵਜੋਂ ਸ਼੍ਰੀ ਗੁਟੇਰੇਸ ਦੇ ਬਾਕੀ ਕਾਰਜਕਾਲ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ, ਅਤੇ ਬਹੁਪੱਖੀਵਾਦ ਪ੍ਰਤੀ ਭਾਰਤ ਦੇ ਪੂਰੇ ਸਮਰਥਨ ਨੂੰ ਦੁਹਰਾਇਆ।



### ਮੈਕ ਆਟੋ ਐਕਸਪੋ-2026 ਦੀ ਸ਼ਾਨਦਾਰ ਸ਼ੁਰੂਆਤ

# ਪਦਮ ਸ਼੍ਰੀ ਓਂਕਾਰ ਸਿੰਘ ਪਾਹਵਾ ਨੇ ਕੀਤਾ ਉਦਘਾਟਨ

ਸਾਹਨੇਵਾਲ (ਕੁਹਾੜਾ), 20 ਫਰਵਰੀ (ਕੁਲਦੀਪ ਸਿੰਘ ਕੁਹਾੜਾ) : ਮਸ਼ੀਨ ਟੂਲਸ ਅਤੇ ਆਟੋਮੇਸ਼ਨ ਟੈਕਨੋਲਜੀ ਵਿੱਚ ਇੰਡੀਆ ਦੀ ਪ੍ਰਮੁੱਖ ਪ੍ਰਦਰਸ਼ਨੀ ਮੈਕ ਆਟੋ ਐਕਸਪੋ ਦੇ 15ਵੇ ਐਡੀਸ਼ਨ ਦੀ ਅੱਜ ਲੁਧਿਆਣਾ ਪ੍ਰਦਰਸ਼ਨ ਕੇਂਦਰ, ਸਾਹਨੇਵਾਲ ਦੇ ਵਿਹੜੇ ਵਿੱਚ ਇੱਕ ਸ਼ਾਨਦਾਰ ਅਤੇ ਪ੍ਰੇਰਨਾਦਾਇਕ ਸਮਾਰੋਹ ਨਾਲ ਹੋਈ, ਜਿਸਦਾ ਉਦਘਾਟਨ ਏਵਨ ਸਾਇਕਿਲਜ਼ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਪਦਮਸ਼੍ਰੀ ਓਂਕਾਰ ਸਿੰਘ ਪਾਹਵਾ ਵੱਲੋਂ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿਚ ਦੇਸ਼ ਭਰ ਤੋਂ ਨਿਰਮਾਤਾ, ਤਕਨਾਲੋਜੀ ਪ੍ਰਦਾਤਾ, ਇੰਜੀਨੀਅਰ ਅਤੇ ਟ੍ਰੇਡ ਵਿਜ਼ਟਰ ਪਹੁੰਚੇ ਹਨ, ਜਿਹੜੇ ਉੱਨਤ ਤਕਨੀਕਾਂ ਦੇ ਨਾਲ-ਨਾਲ ਸ਼ਾਨਦਾਰ ਪ੍ਰਬੰਧਾਂ ਦੀ ਵੀ ਪ੍ਰਸ਼ੰਸਾ ਕਰ ਰਹੇ ਹਨ। ਇਸ ਮੌਕੇ ਉਦਘਾਟਨੀ ਸਮਾਰੋਹ ਵਿੱਚ ਕਈ ਪ੍ਰਮੁੱਖ ਉਦੋਗਿਕ ਸ਼ਖਸੀਅਤਾਂ ਸ਼ਾਮਿਲ ਰਹੀਆਂ, ਜਿਨਾਂ ਵਿੱਚ ਖਾਸ ਤੌਰ ਤੇ ਚੈਂਬਰ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ, ਆਲ ਇੰਡੀਆ ਮਸ਼ੀਨ ਟੂਲਸ ਮਨੁਫ਼ੈਕਚਰੇਸ ਐਸੋਸੀਏਸ਼ਨ ਦੇ ਪ੍ਰਧਾਨ ਤਰਲੋਚਨ ਸਿੰਘ, ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਔਰਗਨਾਈਜੇਸ਼ਨਜ ਦੇ ਪ੍ਰਧਾਨ ਗੁਰਮੀਤ ਸਿੰਘ ਕੁਲਾਰ, ਯੂਨਾਈਟਡ ਸਾਈਕਲਸ ਐਂਡ ਪਾਰਟਸ ਮਨੁਫ਼ੈਕਚਰੇਸ ਐਸੋਸੀਏਸ਼ਨ ਦੇ ਪ੍ਰਧਾਨ ਹਰਸਿਮਰਨਜੀਤ ਸਿੰਘ ਲੱਕੀ, ਯੂਨਾਈਟਡ ਫੈਡਰੇਸ਼ਨ ਆਫ ਇੰਡਸਟਰੀਜ ਐਂਡ ਟਰੇਡਰਸ ਦੇ ਪ੍ਰਧਾਨ ਨਰਿੰਦਰ ਸੱਗੂ, ਵਿਸ਼ਵਕਰਮਾ ਇੰਡਸਟਰੀ ਦੇ ਮੈਨੇਜਿੰਗ ਡਾਇਰੈਕਟਰ ਚਰਨਜੀਤ ਸਿੰਘ ਵਿਸ਼ਕਰਮਾ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜਿਲਾ ਪ੍ਰਧਾਨ ਤੇ ਪ੍ਰਮੁੱਖ ਉਦੋਗਪਤੀ ਜਤਿੰਦਰ ਮਿੱਤਲ ਵੀ ਸ਼ਾਮਿਲ ਰਹੇ। ਜਿਨ੍ਹਾਂ ਨੇ ਪ੍ਰਦਰਸ਼ਨ ਨੂੰ ਸਫਲ ਬਣਾਉਣ ਵਿੱਚ ਉਦਯੋਗਿਕ ਅਤੇ ਸੰਸਥਾਗਤ ਸਮਰਥਨ ਪ੍ਰਗਟਾਇਆ। ਇਸ ਮੌਕੇ ਸੰਬੋਧਨ ਕਰਦਿਆਂ, ਪਦਮਸ਼੍ਰੀ ਓਂਕਾਰ ਸਿੰਘ ਪਾਹਵਾ ਨੇ ਸ਼ਾਨਦਾਰ ਪ੍ਰਬੰਧਾਂ ਲਈ ਅਯੋਜਕਾਂ ਦੀ ਪ੍ਰਸ਼ੰਸਾ ਕੀਤੀ। ਉਹਨਾਂ ਨੇ ਕਿਹਾ ਕਿ ਮਸ਼ੀਨ ਟੂਲਜ਼ ਅਤੇ ਆਟੋਮੇਸ਼ਨ ਟੈਕਨੋਲਜੀ ਨੂੰ ਸਮਰਪਿਤ ਅਜਿਹੀਆਂ ਪ੍ਰਦਰਸ਼ਨੀਆਂ ਉਦਯੋਗਕ ਆਧੁਨਿਕੀਕਰਨ ਨੂੰ ਤੇਜ਼ ਕਰਨ, ਉਤਪਾਦਕਤਾ ਵਧਾਉਣ ਅਤੇ ਗਲੋਬਲ ਮੈਨੂਫੈਕਚਰਿੰਗ ਵਿੱਚ ਭਾਰਤ ਦੀ ਸਥਿਤੀ ਮਜ਼ਬੂਤ ਕਰਨ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਵਿਸ਼ੇਸ਼ ਕਰਕੇ ਐਮਐਸਐਮਈ ਖੇਤਰ ਨੂੰ ਸਫਲ ਇੰਜੀਨੀਅਰਿੰਗ, ਸਮਾਰਟ ਆਟੋਮੇਸ਼ਨ ਅਤੇ ਡਿਜ਼ੀਟਲ ਮੈਨੂਫੈਕਚਰਿੰਗ ਸਿਸਟਮਾਂ ਵਿੱਚ ਨਿਵੇਸ਼ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਦਾ ਦੇਸ਼ ਅਤੇ ਖਾਸ ਕਰਕੇ ਪੰਜਾਬ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਹੈ। ਪ੍ਰਦਰਸ਼ਨੀ ਦੇ ਪਹਿਲੇ ਦਿਨ ਮਸ਼ੀਨ ਟੂਲਜ਼, ਪ੍ਰਿਸੀਜ਼ਨ ਕੌਮਪੋਨੈਂਟਸ, ਉਦਯੋਗਕ ਉਪਕਰਨ ਅਤੇ ਆਟੋਮੇਸ਼ਨ ਸਿਸਟਮਾਂ ਨਾਲ ਜੁੜੇ ਨਿਰਮਾਤਾਵਾਂ ਅਤੇ ਸਪਲਾਇਰਾਂ ਦੀ ਭਰਪੂਰ ਭਾਗੀਦਾਰੀ ਰਹੀ। ਪ੍ਰਤੀਨਿਧੀਆਂ ਨੇ ਕਿਹਾ ਕਿ ਮੈਕ ਆਟੋ ਐਕਸਪੋ ਤਕਨਾਲੋਜੀ ਅਪਗ੍ਰੇਡੇਸ਼ਨ, ਰਣਨੀਤਕ ਸਾਂਝੇਦਾਰੀਆਂ ਅਤੇ ਵਪਾਰਕ ਵਿਸਥਾਰ ਲਈ ਇੱਕ ਪ੍ਰੇਰਕ ਮੰਚ ਸਾਬਤ ਹੋ ਰਿਹਾ ਹੈ। ਉਨ੍ਹਾਂ ਨੇ ਉਦਯੋਗਿਕ ਤਰੱਕੀ ਲਈ ਇੰਡਸਟਰੀ 4.0, ਰੋਬੋਟਿਕਸ ਅਤੇ ਸਮਾਰਟ ਮੈਨੂਫੈਕਚਰਿੰਗ ਹੱਲਾਂ ਨੂੰ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਅੱਜ ਦਾ ਖਾਸ ਆਕਰਸ਼ਣ ਅਧੁਨਿਕ ਅਤੇ ਉੱਚ-ਕਾਰਗੁਜ਼ਾਰੀ ਮਸ਼ੀਨਰੀ ਅਤੇ ਆਟੋਮੇਸ਼ਨ ਹੱਲਾਂ ਦੀ ਵਿਸ਼ਾਲ ਪ੍ਰਦਰਸ਼ਨੀ ਰਹੀ। ਪ੍ਰਦਰਸ਼ਨੀ ਵਿੱਚ ਸੀਐਨਸੀ ਟਰਨਿੰਗ ਸੈਂਟਰ, ਵਰਟਿਕਲ ਅਤੇ ਹੋਰਿਜ਼ੋਂਟਲ ਮਸ਼ੀਨਿੰਗ ਸੈਂਟਰ, ਵੀਐਮਸੀ ਮਸ਼ੀਨਾਂ, ਮਲਟੀ-ਐਕਸਿਸ ਮਸ਼ੀਨਿੰਗ ਸਿਸਟਮ, ਡ੍ਰਿਲਿੰਗ ਅਤੇ ਟੈਪਿੰਗ ਮਸ਼ੀਨਾਂ, ਲੇਜ਼ਰ ਅਤੇ ਪਲਾਜ਼ਮਾ ਕਟਿੰਗ ਸਿਸਟਮ, ਸ਼ੀਟ ਮੈਟਲ ਪ੍ਰੋਸੈਸਿੰਗ ਉਪਕਰਨ, ਪਾਵਰ ਪ੍ਰੈਸ, ਫੋਰਜਿੰਗ ਮਸ਼ੀਨਾਂ, ਰੋਬੋਟਿਕ ਆਰਮ, ਆਟੋਮੇਟਡ ਅਸੈਂਬਲੀ ਸਿਸਟਮ, ਵੈਲਡਿੰਗ ਆਟੋਮੇਸ਼ਨ ਸੋਲੂਸ਼ਨਸ, ਸਰਫੇਸ ਗ੍ਰਾਈਂਡਿੰਗ ਅਤੇ ਮਿਲਿੰਗ ਮਸ਼ੀਨਾਂ, ਗੀਅਰ ਹੌਬਿੰਗ ਮਸ਼ੀਨਾਂ, ਹਾਈਡ੍ਰੌਲਿਕ ਅਤੇ ਨਿਊਮੈਟਿਕ ਸਿਸਟਮਾਂ ਦੇ ਨਾਲ-ਨਾਲ ਪ੍ਰਿਸੀਜ਼ਨ ਟੈਸਟਿੰਗ, ਮਾਪ ਅਤੇ ਇੰਸਪੈਕਸ਼ਨ ਉਪਕਰਨ ਸ਼ਾਮਲ ਸਨ। ਇਸ ਦੌਰਾਨ ਲਾਈਵ ਡੈਮੋਨਸਟਰੈਸ਼ਨਾਂ ਨੇ ਰੀਅਲ-ਟਾਈਮ ਮਸ਼ੀਨਿੰਗ ਅਤੇ ਡਿਜ਼ੀਟਲ ਮੋਨਿਟਰਿੰਗ ਤਕਨਾਲੋਜੀ ਨੂੰ ਦਰਸਾਇਆ, ਜਿਸਨੇ ਤਕਨੀਕੀ ਮਾਹਿਰਾਂ ਅਤੇ ਵਪਾਰਕ ਪ੍ਰਤੀਨਿਧੀਆਂ ਦਾ ਖੂਬ ਧਿਆਨ ਖਿੱਚਿਆ।

ਉਡਾਨ ਮੀਡੀਆ ਅਤੇ ਕਮਿਊਨੀਕੇਸ਼ਨ ਪ੍ਰਾਈਵੇਟ ਲਿਮਿਟਡ ਦੇ ਐਮ.ਡੀ ਜੀ.ਐਸ. ਢਿੱਲੋਂ ਨੇ ਦੱਸਿਆ ਕਿ ਪ੍ਰਦਰਸ਼ਨੀ ਦੇ ਪਹਿਲੇ ਦਿਨ ਵਪਾਰਕ ਵਿਜ਼ਟਰਾਂ ਦੀ ਭਾਰੀ ਆਮਦ ਦੇਖਣ ਨੂੰ ਮਿਲੀ। ਖਾਸ ਤੌਰ ਤੇ ਨਵੀਆਂ ਤਕਨੀਕਾਂ ਅਤੇ ਸਾਕਾਰਾਤਮਕ ਵਪਾਰਕ ਚਰਚਾਵਾਂ ਨਾਲ ਮੈਕ ਆਟੋ ਐਕਸਪੋ 2026 ਦੀ ਬਹੁਤ ਹੀ ਉਤਸ਼ਾਹਜਨਕ ਸ਼ੁਰੂਆਤ ਹੋਈ। ਜਿਸ ਨਾਲ ਲੁਧਿਆਣਾ ਦੀ ਪਹਿਚਾਣ ਭਾਰਤ ਵਿੱਚ ਇੰਜੀਨੀਅਰਿੰਗ, ਮਸ਼ੀਨ ਟੂਲਜ਼ ਅਤੇ ਉਦਯੋਗਕ ਆਟੋਮੇਸ਼ਨ ਤਕਨਾਲੋਜੀ ਦੇ ਅਗੇਤੂ ਕੇਂਦਰ ਵਜੋਂ ਹੋਰ ਮਜ਼ਬੂਤ ਹੋਈ ਹੈ।




# ਐਮ.ਐਸ.ਪੀ. 'ਤੇ ਖਰੀਦ ਨੂੰ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਸਮੇਂ ਸਿਰ ਬਣਾਉਣ ਦੇ ਨਿਰਦੇਸ਼: ਸ਼ਿਵਰਾਜ ਸਿੰਘ ਚੌਹਾਨ

ਨਵੀਂ ਦਿੱਲੀ, 20 ਫਰਵਰੀ (ਚ.ਨ.ਸ.) : ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਆਪਣੀ ਰਿਹਾਇਸ਼, 12, ਸਫਦਰਜੰਗ, ਨਵੀਂ ਦਿੱਲੀ ਵਿਖੇ ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਆਫ਼ ਇੰਡੀਆ ਲਿਮਿਟਿਡ (ਨਾਫੇਡ) ਦੀ ਇੱਕ ਵਿਸਤ੍ਰਿਤ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਦਾਲਾਂ ਅਤੇ ਤੇਲ ਬੀਜਾਂ ਲਈ ਖਰੀਦ ਪ੍ਰਣਾਲੀ, ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦਾ ਪੂਰਾ ਲਾਭ ਯਕੀਨੀ ਬਣਾਉਣ ਅਤੇ ਸੰਬੰਧਿਤ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ, ਕੀਮਤ ਸਹਾਇਤਾ ਯੋਜਨਾ (ਪੀਐਸਐਸ) ਅਤੇ ਕੀਮਤ ਸਥਿਰਤਾ ਫੰਡ (ਪੀਐਸਐਫ) ਦੇ ਤਹਿਤ ਖਰੀਦ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਕੇਂਦਰੀ ਮੰਤਰੀ ਨੇ ਅਧਿਕਾਰੀਆਂ ਨੂੰ ਐਮਐਸਪੀ 'ਤੇ ਖਰੀਦ ਨੂੰ ਹੋਰ ਮਜ਼ਬੂਤ, ਪਾਰਦਰਸ਼ੀ ਅਤੇ ਸਮੇਂ ਸਿਰ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਕਿਸਾਨਾਂ ਨੂੰ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਦੇ ਉਤਪਾਦਾਂ ਲਈ ਉਚਿਤ ਕੀਮਤਾਂ ਮਿਲ ਸਕਣ। ਉਨ੍ਹਾਂ ਨੇ ਖਰੀਦ ਕੇਂਦਰਾਂ 'ਤੇ ਢੁਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਦਾਲਾਂ, ਜਿਵੇਂ ਕਿ ਅਰਹਰ, ਮਾਂਹ ਅਤੇ ਦਾਲਾਂ ਦੇ ਉਤਪਾਦਨ ਅਤੇ ਖਰੀਦ ਨੂੰ ਤਰਜੀਹ ਦੇਣ 'ਤੇ ਜ਼ੋਰ ਦਿੱਤਾ ਗਿਆ। ਪ੍ਰਸਤਾਵਿਤ ਛੇ ਸਾਲਾ ਦਾਲਾਂ ਸਵੈ-ਨਿਰਭਰਤਾ ਮਿਸ਼ਨ ਦੇ ਤਹਿਤ, ਇਨ੍ਹਾਂ ਫਸਲਾਂ ਲਈ ਉਤਪਾਦਨ ਵਧਾਉਣ, ਸੁਧਰੇ ਹੋਏ ਬੀਜਾਂ ਦੀ ਉਪਲਬਧਤਾ, ਤਕਨੀਕੀ ਸਹਾਇਤਾ ਅਤੇ ਪ੍ਰਭਾਵਸ਼ਾਲੀ ਮਾਰਕੀਟਿੰਗ ਵਿਧੀਆਂ ਦੇ ਵਿਕਾਸ 'ਤੇ ਚਰਚਾ ਕੀਤੀ ਗਈ। ਮਿਸ਼ਨ ਦਾ ਉਦੇਸ਼ ਦੇਸ਼ ਨੂੰ ਦਾਲਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣਾ, ਆਯਾਤ 'ਤੇ ਨਿਰਭਰਤਾ ਘਟਾਉਣਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਸਥਾਈ ਵਾਧਾ ਯਕੀਨੀ ਬਣਾਉਣਾ ਹੈ। ਸ੍ਰੀ ਚੌਹਾਨ ਨੇ ਕਿਹਾ ਕਿ ਸਰਕਾਰ ਦੀ ਵਚਨਬੱਧਤਾ ਕਿਸਾਨਾਂ ਨੂੰ ਵਿਚੋਲਿਆਂ ਤੋਂ ਮੁਕਤ ਕਰਨ ਅਤੇ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਸਰਕਾਰੀ ਖਰੀਦ ਪ੍ਰਣਾਲੀ ਨਾਲ ਜੋੜਨ ਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਰਾਜਾਂ ਨਾਲ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਖਰੀਦ ਅਤੇ ਭੰਡਾਰਨ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਬਾਜ਼ਾਰ ਵਿੱਚ ਕੀਮਤ ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਸਕੱਤਰ ਡਾ. ਦੇਵੇਸ਼ ਚਤੁਰਵੇਦੀ, ਵਧੀਕ ਸਕੱਤਰ ਪ੍ਰਮੋਦ ਕੁਮਾਰ ਮਹਿਰਦਾ, ਮਨਿੰਦਰ ਕੌਰ ਦਿਵੇਦੀ, ਨਾਫੇਡ ਦੇ ਪ੍ਰਬੰਧ ਨਿਰਦੇਸ਼ਕ ਦੀਪਕ ਅਗਰਵਾਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਸ਼ਾਮਲ ਹੋਏ।













# ਮਾਝਾ-ਦੁਆਬਾ

ਆਸ ਪਾਸ



## ਦੀਨਾਨਗਰ ਹਲਕੇ ਦੇ ਵਿਕਾਸ ਲਈ ਹਰ ਵਾਜਬ ਮੰਗ ਨੂੰ ਉਚਿਤ ਮੰਚਾਂ 'ਤੇ ਉਠਾਉਂਦੀ ਰਹਾਂਗੀ: ਅਰੁਣਾ ਚੌਧਰੀ



ਦੀਨਾਨਗਰ, 20 ਫਰਵਰੀ (ਡਾ ਰਮੇਸ਼ ਸਰੰਗਲ) : ਦੀਨਾਨਗਰ ਦੀ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਨੇ ਤਾਲਿਬਪੁਰ-ਪੰਡੋਰੀ ਤੋਂ ਪੁਰਾਣਾ ਸ਼ਾਲਾ ਰੋਡ (ਕੱਟ-ਭੱਲਾ, ਪਖੋਵਾਲ, ਛੀਨਾ ਬੇਟ ਰਾਹੀਂ) ਦੇ ਨਿਰਮਾਣ ਅਤੇ ਮਜ਼ਬੂਤੀਕਰਨ ਲਈ ਮਨਜ਼ੂਰੀ ਮਿਲਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਇਹ ਕੰਮ ਸਪੈਸ਼ਲ ਅਸਿਸਟੈਂਸ ਪ੍ਰੋਜੈਕਟ ਫੇਜ਼-99 (ਵਰ੍ਹਾ 2025-26) ਲਿੰਕ ਰੋਡ ਪ੍ਰੋਜੈਕਟ ਅਧੀਨ 5 ਸਾਲਾਂ ਦੀ ਮੇਂਟੇਨੈਂਸ (1 ਸਾਲ ਡਿਫੈਕਟ ਲਾਇਬਿਲਟੀ ਪੀਰੀਅਡ + 4 ਸਾਲ ਮੇਂਟੇਨੈਂਸ) ਸਮੇਤ ਮਨਜ਼ੂਰ ਕੀਤਾ ਗਿਆ ਹੈ।10.41 ਕਿਲੋਮੀਟਰ ਲੰਬੀ ਇਸ ਸੜਕ ਦੀ ਆਖ਼ਰੀ ਵਾਰ ਸਰਫੇਸਿੰਗ ਸਾਲ 2019-20 ਵਿੱਚ ਹੋਈ ਸੀ। ਲਗਾਤਾਰ ਵਰਤੋਂ ਅਤੇ ਸਮੇਂ ਦੇ ਨਾਲ ਖਰਾਬੀ ਕਾਰਨ ਇਹ ਸੜਕ ਬਿਲਕੁਲ ਗੈਰ-ਮੋਟਰਯੋਗ ਹੋ ਚੁੱਕੀ ਸੀ, ਜਿਸ ਕਾਰਨ ਇਲਾਕੇ ਦੇ ਰਹਿਣ ਵਾਲਿਆਂ, ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ ਅਤੇ ਮਰੀਜ਼ਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਇਹ ਪ੍ਰੋਜੈਕਟ 680.26 ਲੱਖ ਦੀ ਲਾਗਤ ਨਾਲ ਮਨਜ਼ੂਰ ਕੀਤਾ ਗਿਆ ਹੈ, ਜਿਸ ਨਾਲ ਸੜਕ ਦਾ ਪੂਰਾ ਨਿਰਮਾਣ, ਮਜ਼ਬੂਤੀਕਰਨ ਅਤੇ ਪੰਜ ਸਾਲਾਂ ਲਈ ਸੰਭਾਲ ਯਕੀਨੀ ਬਣੇਗੀ। ਇਸ ਨਾਲ ਤਾਲਿਬਪੁਰ, ਪੰਡੋਰੀ, ਕੱਟ- ਭੱਲਾ, ਪਖੋਵਾਲ, ਛੀਨਾ ਬੇਟ ਅਤੇ ਆਸ-ਪਾਸ ਦੇ ਪਿੰਡਾਂ ਨੂੰ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਦੀ ਸਹੂਲਤ ਮਿਲੇਗੀ।ਅਰੁਣਾ ਚੌਧਰੀ ਨੇ ਕਿਹਾ ਕਿ ਇਸ ਮਹੱਤਵਪੂਰਨ ਸੜਕ ਦੀ ਮਨਜ਼ੂਰੀ ਉਨ੍ਹਾਂ ਦੇ ਹਰ ਪੱਧਰ 'ਤੇ ਕੀਤੇ ਲਗਾਤਾਰ ਅਤੇ ਗੰਭੀਰ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਨੇ ਹਮੇਸ਼ਾਂ ਲੋਕਾਂ ਦੀਆਂ ਵਾਜਬ ਮੰਗਾਂ ਨੂੰ ਉਚ ਅਧਿਕਾਰੀਆਂ ਤੱਕ ਪਹੁੰਚਾਇਆ ਅਤੇ ਇਸ ਮਸਲੇ ਨੂੰ ਤਰਜੀਹ ਨਾਲ ਉਠਾਇਆ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਦੀਨਾਨਗਰ ਹਲਕੇ ਦੀਆਂ ਖਰਾਬ ਅਤੇ ਬਕਾਇਆ ਸੜਕਾਂ ਦਾ ਮਸਲਾ ਵੀ 17/02/2026 ਨੂੰ ਹੋਈ ਦਿਸ਼ਾ ਕਮੇਟੀ ਦੀ ਮੀਟਿੰਗ ਵਿੱਚ, ਜਿਸ ਦੀ ਅਗਵਾਈ ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ (ਲੋਕ ਸਭਾ), ਗੁਰਦਾਸਪੁਰ ਨੇ ਕੀਤੀ, ਦ੍ਰਿੜਤਾ ਨਾਲ ਉਠਾਇਆ ਗਿਆ।

## ਬਾਬਾ ਤਾਰਾ ਸਿੰਘ ਸਪੋਰਟਸ ਅਕੈਡਮੀ ਸਰਹਾਲੀ ਵੱਲੋਂ ਆਲ ਓਪਨ ਹਾਕੀ ਟੂਰਨਾਮੈਂਟ ਦਾ ਆਗਾਜ਼



ਸਰਹਾਲੀ ਸਾਹਿਬ, 20 ਫਰਵਰੀ ( ਭਗਤ ਸਿੰਘ ਸੰਧੂ ) : ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ, ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਦੇ ਮੈਦਾਨ ਵਿੱਚ ਅੱਜ ਤਿੰਨ ਦਿਨਾਂ ਆਲ ਓਪਨ ਹਾਕੀ ਟੂਰਨਾਮੈਂਟ ਸ਼ੁਰੂ ਹੋਇਆ। 20 ਤੋਂ 22 ਫਰਵਰੀ 2026 (ਸ਼ੁੱਕਰਵਾਰ 'ਤੋਂ ਐਤਵਾਰ) ਤੱਕ ਚੱਲਣ ਵਾਲਾ ਇਹ ਟੂਰਨਾਮੈਂਟ ਦੋ ਮਹਾਨ ਸ਼ਖ਼ਸੀਅਤਾਂ — ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਅਤੇ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਹੈ।ਟੂਰਨਾਮੈਂਟ ਦਾ ਰਸਮੀ ਉਦਘਾਟਨ ਅੱਜ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਕੀਤਾ ਗਿਆ, ਜਿਨ੍ਹਾਂ ਦੀ ਆਧਿਆਤਮਿਕ ਹਾਜ਼ਰੀ ਨੇ ਇਸ ਸਮਾਗਮ ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ ਅਤੇ ਸਮੂਹ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਟੂਰਨਾਮੈਂਟ ਵਿਚ ਮੋਗਾ, ਕਰਨਾਲ, ਬਾਠਲ, ਢੋਟੀਆਂ, ਚੋਹਲਾ ਸਾਹਿਬ, ਮਹਿਤਾ, ਸਰਹਾਲੀ ਸਾਹਿਬ, ਲੁਧਿਆਣਾ, ਆਰਮੀ 16 ਸਿੱਖ ਚੰਡੀਗੜ੍ਹ, ਛੇਹਰਟਾ, ਹੋਲੀ ਵਰਲਡ ਸਪੋਰਟਸ ਅਕੈਡਮੀ, ਬਾਬਾ ਬਕਾਲਾ ਸਮੇਤ ਵੱਖ-ਵੱਖ ਸ਼ਹਿਰਾਂ ਅਤੇ ਸੰਸਥਾਵਾਂ ਦੀਆਂ 16 ਟੀਮਾਂ ਬੜੇ ਉਤਸ਼ਾਹ ਨਾਲ ਭਾਗ ਲੈ ਰਹੀਆਂ ਹਨ। ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਭਾਰੀ ਨਕਦ ਇਨਾਮਾਂ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿਚ ਪਹਿਲਾ ਇਨਾਮ (ਜੇਤੂ):_ 71,000 ਅਤੇ ਟਰਾਫੀ, ਦੂਜਾ ਇਨਾਮ (ਉਪ-ਜੇਤੂ):_ 51,000 ਅਤੇ ਟਰਾਫੀ, ਸੈਮੀਫਾਈਨਲਿਸਟ: ਦੋਵਾਂ ਟੀਮਾਂ ਨੂੰ_ 11,000-11,000, ਬਾਕੀ ਟੀਮਾਂ: ਭਾਗ ਲੈਣ ਵਾਲੀਆਂ ਬਾਕੀ 12 ਟੀਮਾਂ ਨੂੰ 1,100 ਪ੍ਰਤੀ ਟੀਮ ਇਨਾਮ ਦਿੱਤਾ ਜਾਵੇਗਾ। ਹਾਕੀ ਦੇ ਨਾਲ-ਨਾਲ ਇਸ ਖੇਡ ਮੇਲੇ ਵਿੱਚ ਐਥਲੈਟਿਕਸ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਲੜਕਿਆਂ ਲਈ 100 ਮੀਟਰ, 400 ਮੀਟਰ ਅਤੇ 400 ਮੀਟਰ ਰਿਲੇਅ ਰੇਸ, ਜਦਕਿ ਲੜਕੀਆਂ ਲਈ 100 ਮੀਟਰ ਅਤੇ 400 ਮੀਟਰ ਦੀਆਂ ਦੌੜਾਂ ਰੱਖੀਆਂ ਗਈਆਂ ਹਨ। ਇਸ ਤੋਂ ਇਲਾਵਾ ਸਲੋਅ ਸਾਈਕਲਿੰਗ (ਲੜਕੇ), ਲੰਬੀ ਛਾਲ (ਲੜਕੇ), ਪੋਟੈਟੋ ਰੇਸ (ਲੜਕੀਆਂ) ਅਤੇ ਬਜ਼ੁਰਗਾਂ (ਵੈਟਰਨਜ਼) ਦੀ ਦੌੜ ਇਸ ਖੇਡ ਉਤਸਵ ਨੂੰ ਹੋਰ ਵੀ ਦਿਲਚਸਪ ਬਣਾ ਰਹੀ ਹੈ।ਖੇਡਾਂ ਵਿੱਚ ਪੇਂਡੂ ਰੰਗ ਭਰਨ ਲਈ ਬੈਲ ਗੱਡੀਆਂ ਦੀ ਦੌੜ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗੀ। ਉਮੀਦ ਹੈ ਕਿ ਇਹ ਟੂਰਨਾਮੈਂਟ ਸਰਹਾਲੀ ਖੇਤਰ ਵਿੱਚ ਖੇਡ ਭਾਵਨਾ, ਵਿਰਾਸਤ ਅਤੇ ਭਾਈਚਾਰਕ ਸਾਂਝ ਦਾ ਇੱਕ ਸ਼ਾਨਦਾਰ ਪ੍ਰਤੀਕ ਬਣੇਗਾ।ਇਸ ਮੌਕੇ ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਪ੍ਰਬੰਧਕੀ ਕਮੇਟੀ), ਡਾ. ਜਸਬੀਰ ਸਿੰਘ (ਪ੍ਰਿੰਸੀਪਲ), ਸ. ਕੁਲਦੀਪ ਸਿੰਘ (ਪੰਥਕ ਫਿਲਿੰਗ ਸਟੇਸ਼ਨ), ਸ਼੍ਰੀਮਤੀ ਨਰਿੰਦਰ ਕੌਰ, ਬਲਜਿੰਦਰ ਸਿੰਘ ਫੌਜੀ, ਸ. ਗੁਰਲਾਲ ਸਿੰਘ (ਕੋਚ), ਗੁਰਪ੍ਰੀਤ ਸਿੰਘ (ਕੋਚ), ਸ. ਲਖਵਿੰਦਰ ਸਿੰਘ, ਸ. ਧਰਮਿੰਦਰ ਸਿੰਘ, ਸ. ਸਰਬਜੀਤ ਸਿੰਘ, ਅਮਰਬੀਰ ਸਿੰਘ ਪਟਵਾਰੀ, ਵਰਿੰਦਰਪਾਲ ਸਿੰਘ, ਗੁਰਬਿੰਦਰ ਸਿੰਘ, ਕੁਲਵਿੰਦਰ ਸਿੰਘ, ਸਤਨਾਮ ਸਿੰਘ, ਅਰਮਨ ਸਿੰਘ ਸੰਧੂ ਸਮਾਜ ਸੇਵੀ ਅਤੇ ਸੁਖਮਨ ਸਿੰਘ ਅਤੇ ਹੋਰ ਕਈ ਮਾਣਯੋਗ ਸ਼ਖ਼ਸੀਅਤਾਂ ਹਾਜ਼ਰ ਸਨ।

## ਮਜੀਠੀਆ ਨੇ ਕਾਨੂੰਨ ਵਿਵਸਥਾ ਢਹਿ-ਢੇਰੀ ਹੋਣ ਲਈ ਮੁੱਖ ਮੰਤਰੀ ਤੇ ਕਾਰਜਕਾਰੀ ਡੀ.ਜੀ.ਪੀ. ਨੂੰ ਜ਼ਿੰਮੇਵਾਰ ਠਹਿਰਾਇਆ

ਅੰਮ੍ਰਿਤਸਰ, 20 ਫਰਵਰੀ (ਗੁਰਦਿਆਲ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਤੇ ਆਰਜ਼ੀ ਡੀ ਜੀ ਪੀ ਗੌਰਵ ਯਾਦਵ ਨੂੰ ਸੂਬੇ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋਣ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਉਹਨਾਂ ਪੱਟੀ ਵਿਚ ਵੀ ਆਈ ਪੀ ਇਲਾਕੇ ਵਿਚ ਸਰਪੰਚ ਹਰਪਿੰਦਰ ਸਿੰਘ ਦਾ ਕਤਲ ਰੋਕਣ ਵਿਚ ਨਾਕਾਮ ਰਹਿਣ 'ਤੇ ਪੁਲਿਸ ਦੀ ਸਖ਼ਤ ਨਿਖੇਧੀ ਕੀਤੀ।ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਇਥੇ ਜਰਮਨ ਸਿੰਘ ਜੋ ਕਿ ਸਰਪੰਚ ਦੇ ਰਿਸ਼ਤੇਦਾਰ ਹਨ, ਨਾਲ ਮੁਲਾਕਾਤ ਕੀਤੀ ਜੋ ਕਿ ਪੱਟੀ ਵਿਚ ਡੀ ਸੀ ਅਤੇ ਐਸ ਐਸ ਪੀ ਦੀ ਰਿਹਾਇਸ਼ ਦੇ ਨਾਲ-ਨਾਲ ਸੀ ਆਈ ਏ ਸੈਂਟਰ ਦੇ ਨੇੜੇ ਹੋਏ ਇਸ ਹਮਲੇ ਵਿਚ ਵਾਲ-ਵਾਲ ਬਚੇ ਹਨ।ਇਥੇ ਇਕ ਪ੍ਰਾਈਵੇਟ ਹਸਪਤਾਲ ਵਿਚ ਜਰਮਨ ਸਿੰਘ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੇਸ ਵਿਚ ਮੁੱਖ ਗਵਾਹ ਨੂੰ ਉਸ ਵੇਲੇ ਵੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ ਜਦੋਂ ਇਹ ਗੱਲ ਸਾਹਮਣੇ ਆਈ ਕਿ ਅਤਿਵਾਦੀ ਲਖਬੀਰ ਸਿੰਘ ਲੰਡਾ ਨੇ ਏ ਕੇ 47 ਰਾਈਫਲ ਨਾਲ ਉਹਨਾਂ 'ਤੇ ਗੋਲਬਾਰੀ ਕਰਨ ਦੀ ਜ਼ਿੰਮੇਵਾਰੀ ਲਈ ਹੈ।ਸਰਦਾਰ ਮਜੀਠੀਆ ਨੇ ਕਿਹਾ ਕਿ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਈ ਹੈ ਤੇ ਇਕ ਮਹੀਨੇ ਵਿਚ 25 ਤੋਂ ਜ਼ਿਆਦਾ ਲੋਕਾਂ ਦਾ ਕਤਲ ਹੋ ਗਿਆ ਹੈ। ਉਹਨਾਂ ਕਿਹਾ ਕਿ ਹਾਈ ਕੋਰਟ ਨੇ ਵੀ ਸਥਿਤੀ ਦੇ ਹਾਲਾਤ ਦਾ ਨੋਟਿਸ ਲਿਆ ਹੈ ਪਰ ਆਪ ਸਰਕਾਰ ਦੀ ਤੱਕ ਗੂੜੀ ਨੀਂਦ ਵਿਚੋਂ ਨਹੀਂ ਜਾਗੀ। ਉਹਨਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਡੀ ਜੀ ਪੀ ਸਿਰਫ਼ ਮੁੱਖ ਮੰਤਰੀ ਦੀ ਖ਼ੁਸ਼ਾਮਦ ਕਰਨ 'ਚ ਲੱਗੇ ਹਨ ਤਾਂ ਜੋ ਉਹ ਆਪਣੀ ਕੁਰਸੀ ਬਚਾਉਣ ਵਾਸਤੇ ਯਤਨਸ਼ੀਲ ਹਨ ਤੇ ਉਹ ਕਾਨੂੰਨ ਵਿਵਸਥਾ ਵੱਲ ਕੋਈ ਧਿਆਨ ਨਹੀਂ ਦੇ ਰਹੇ।

## ਅੰਤਰਰਾਸ਼ਟਰੀ ਸੱਭਿਆਚਾਰਕ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ



ਅਜਨਾਲਾ, 20 ਫਰਵਰੀ(ਸੁਖਦੇਵ ਸਿੰਘ ਖਾਲਸਾ) : ਪੀਰ ਬਾਬਾ ਲੱਖ ਦਾਤਾ ਦੀ ਯਾਦ 'ਚ ਦੇਸ਼ ਭਗਤ ਬਾਪੂ ਉਜਾਗਰ ਸਿੰਘ ਖ਼ਤਰਾਏ ਕਲਾਂ ਅਤੇ ਮੇਲਿਆ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ ਦੀ ਯਾਦ ਨੂੰ ਸਮਰਪਿਤ ਖ਼ਤਰਾਏ ਕਲਾਂ ਵਿਖੇ ਦਿਲਬਾਗ ਸਿੰਘ ਭੱਟੀ ਖਤਰਾਏ ਕਲਾ ਵੱਲੋਂ ਕਰਵਾਏ ਗਏ ਸਲਾਨਾ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ 'ਚੋਂ ਉੱਘੇ ਸਮਾਜ ਸੇਵਕ ਐਸ. ਪੀ. ਸਿੰਘ ਓਬਰਾਏ ਮੁੱਖ ਮਹਿਮਾਨ ਵਜੋਂ,ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ,ਪਰਗਟ ਸਿੰਘ ਗਰੇਵਾਲ, ਗੁਰਨਾਮ ਸਿੰਘ ਧਾਰੀਵਾਲ, ਮੇਹਰ ਜਤਿੰਦਰ ਸਿੰਘ ਮੋਤੀ ਭਾਟੀਆ, ਗੁਰਮੀਤ ਸਿੰਘ ਖਾਨਪੁਰੀ, ਡਾ. ਐਸ.ਪੀ.ਸਿੰਘ ਬੋਪਾਰਾਏ, ਪ੍ਰਿਤਪਾਲ ਕੌਰ ਅਵਦਾਸੀ, ਅਵਤਾਰ ਸਿੰਘ ਬਸੀਆਂ, ਰਜੀਵ ਕੁਮਾਰ ਲਵਲੀ, ਰਣਜੀਤ ਸਿੰਘ ਖੈੜਾ ਆਸਟਰੇਲੀਆ, ਰਾਜ ਝੰਜ ਕਨੇਡਾ, ਸਾਹਿਬ ਸਿੰਘ ਥਿੰਦ ਕਨੇਡਾ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ । ਲੋਕ ਗਾਇਕੀ ਦੇ ਖੁੱਲ੍ਹੇ ਅਖਾੜੇ ਚੋਂ ਗੁਰਵਿੰਦਰ ਗਿੱਲ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਕਰਦਾ ਖੂਬ ਰੰਗ ਬੰਨਿਆ ਉਪਰੰਤ ਅੰਜਲਾ ਬ੍ਰਦਰਜ, ਜੀ.ਐਸ. ਪੀਟਰ, ਯੁਵਰਾਜ -ਬਲਰਾਜ ਬ੍ਰਦਰਜ, ਵਤਨਜੀਤ, ਅਤੇ ਐਸ.ਪੀ. ਪ੍ਰਿੰਸੀਪਲ ਦੀ ਭੰਗੜਾ ਟੀਮ ਆਪਣੀ ਕਲਾ ਰਾਹੀਂ ਸਰੋਤਿਆਂ ਨੂੰ ਮੰਤਰ ਮੁਕਤ ਕੀਤਾ । ਇਨ੍ਹਾਂ ਗਾਇਕਾਂ ਤੋਂ ਉਪਰੰਤ ਨਾਮਵਰ ਦੋਗਾਣਾ ਜੋੜੀ ਕਲਾਕਾਰ ਬਲਕਾਰ ਅਣਖੀਲਾ ਅਤੇ ਬੀਬਾ ਮਨਜਿੰਦਰ ਗੁਲਸ਼ਨ ਦੇ ਸਟੇਜ ਤੇ ਆਉਂਦਿਆਂ ਹੀ ਮੇਲੇ ਵਿੱਚ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ । ਇਸ ਮੌਕੇ ਜਿੱਥੇ ਦਿਲਬਾਗ ਸਿੰਘ ਭੱਟੀ ਅਤੇ ਸਮੂਹ ਮੇਲਾ ਪਰਬੰਧਕ ਕਮੇਟੀ ਵੱਲੋਂ ਉੱਘੇ ਸਮਾਜ ਸੇਵਕ ਡਾਕਟਰ ਐਸ.ਪੀ. ਸਿੰਘ ਓਬਰਾਏ ਨੂੰ ਸਨਮਾਨਤ ਕੀਤਾ ਉੱਥੇ ਹੀ ਹਰ ਸਾਲ ਦੀ ਤਰ੍ਹਾਂ ਵੱਖ-ਵੱਖ ਖੇਤਰਾਂ 'ਚੋਂ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਜਿਨ੍ਹਾਂ ਵਿਚ ਡਾ. ਕਰਮਜੀਤ ਸਿੰਘ ਉਪ ਕੁਲਪਤੀ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਡਾ. ਮਹਿੰਦਰ ਸਿੰਘ ਰੰਧਾਵਾ, ਮਹੇਸ਼ ਕੁਮਾਰ ਸ਼ਰਮਾ ਅਡੀਸ਼ਨਲ ਸੈਸ਼ਨ ਜੱਜ- ਦੇਸ਼ ਭਗਤ ਕਾਮਰੇਡ ਉਜਾਗਰ ਸਿੰਘ ਖਤਰਾਏ ਕਲਾਂ, ਇੰਦਰਜੀਤ ਸਿੰਘ ਜੱਸੋਵਾਲ ਜੁਆਇੰਟ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ- ਜਗਦੇਵ ਸਿੰਘ ਜੱਸੋਵਾਲ, ਹਰਪਾਲ ਸਿੰਘ ਰੰਧਾਵਾ ਪ੍ਰਧਾਨ ਅਕਾਲ ਸੇਵਾ ਫੈਡਰੇਸ਼ਨ (ਯੂ. ਐਸ. ਏ.)- ਭਗਤ ਪੂਰਨ ਸਿੰਘ ਅਤੇ ਤਰਸੇਮ ਮਸੀਹ ਡਿਪਟੀ ਪੰਜਾਬ ਪੁਲਿਸ ਕੌਮਾਂਤਰੀ ਖਿਡਾਰੀ ਨੂੰ ਮਿਲਖਾ ਸਿੰਘ ਅਵਾਰਡਾਂ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਭਗਤਾ ਦੀ ਯਾਦ ਵਿੱਚ ਮੇਲੇ ਲਗਾ ਕਿ ਉਨ੍ਹਾਂ ਨੂੰ ਯਾਦ ਕਰਨਾ ਬਹੁਤ ਵਧੀਆ ਉਪਰਾਲਾ ਹੈ । ਇਸ ਮੌਕੇ ਹਰ ਵਿਅਕਤੀ ਨੂੰ ਚਾਹੀਦਾ ਹੈ ਮੇਲਿਆਂ ਵਿੱਚ ਸ਼ਿਰਕਤ ਕਰਕੇ ਆਪਣੇ ਰੂਹ ਦੀ ਖੁਰਾਕ ਖਾਣੀ ਚਾਹੀਦੀ ਹੈ । ਇਸ ਮੌਕੇ ਮਾ. ਅਵਤਾਰ ਸਿੰਘ , ਮਿਰਕੇਟ ਕਮੇਟੀ ਦੇ ਚੇਅਰਮੈਨ ਬਲਦੇਵ ਸਿੰਘ ਚੇਤਨਪੁਰਾ,ਜਸਬੀਰ ਸਿੰਘ ਰਾਜਾ ਸਰਪੰਚ ਚੇਤਨਪੁਰਾ,ਡਾ ਗੁਰਭੇਜ ਸਿੰਘ ਪੰਧੇਰ, ਸਮਾਜ ਸੇਵਕ ਸੁਖਚੈਨ ਸਿੰਘ ਝੰਡੇਰ, ਸਰਪੰਚ ਹਰਦੇਵ ਸਿੰਘ ਜੰਗਾ ਭੋਏਵਾਲੀ, ਰਣਜੋਧ ਸਿੰਘ,ਪਰਮਿੰਦਰ ਸਿੰਘ, ਰੇਸ਼ਮ ਸਿੰਘ ਲਸ਼ਕਾਰੀ ਨੰਗਲ, ਡਾ. ਸੰਦੀਪ ਸਿੰਘ ਲਸ਼ਕਰੀ ਨੰਗਲ, ਪਰਸ਼ੋਤਮ ਸਿੰਘ ਬਾਠ, ਜੀਵਨ ਸਿੰਘ ਝੰਡੇਰ, ਜਸ ਕੋਟਲੀ ਰਾਜੂ ਜਗਦੇਵ ਕਲਾ, ਅਮਨਦੀਪ ਸਿੰਘ ਝੰਡੇਰ, ਨਵਦੀਪ ਸਿੰਘ ਵਿਛੋਆ, ਹਰਿੰਦਰ ਸਿੰਘ ਭੁੱਲਰ ਨਿਜ਼ਾਮਪੁਰ , ਆਦਿ ਹਾਜ਼ਰ ਸਨ ।

## ਗੁ. ਭਾਈ ਕਰਮ ਸਿੰਘ ਹਾਲ ਦੀ ਸੰਗਤ ਵੱਲੋਂ ਬਾਬਾ ਸੁੱਖਾ ਸਿੰਘ ਦਾ ਸਨਮਾਨ




ਚੋਹਲਾ ਸਾਹਿਬ, 20 ਫਰਵਰੀ ( ਭਗਤ ਸਿੰਘ ਸੰਧੂ ) : ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਸੰਗਤਾਂ ਦੇ ਸੱਦੇ ਤੇ ਅੱਜ ਤਰਨ ਤਾਰਨ ਸ਼ਹਿਰ ਪਹੁੰਚੇ, ਜਿੱਥੇ ਗੁ. ਭਾਈ ਕਰਮ ਸਿੰਘ ਹਾਲ ਦੀ ਸੰਗਤ ਵੱਲੋਂ ਚੱਲ ਰਹੇ ਗੁਰਮਤਿ ਸਮਾਗਮ ਵਿਚ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ ਕੀਤਾ ਗਿਆ । ਹੜ੍ਹਾਂ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਮੂਹ ਪ੍ਰਬੰਧਕਾਂ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਜੈਕਾਰਿਆਂ ਦੀ ਗੂੰਜ ਵਿੱਚ ਸਵਾਗਤ ਕੀਤਾ ਗਿਆ ਅਤੇ ਸਨਮਾਨ ਚਿੰਨ ਵਜੋਂ ਇੱਕ ਯਾਦਗਾਰੀ ਤਸਵੀਰ ਭੇਟ ਕੀਤੀ ਗਈ। ਇਸ ਮੌਕੇ ਸੰਗਤ ਦੇ ਇਕੱਠ ਵਿਚ ਸ. ਦਵਿੰਦਰ ਸਿੰਘ, ਬਲਜਿੰਦਰ ਸਿੰਘ,ਦਿਲਬਾਗ ਸਿੰਘ, ਗੁਰਨਾਮ ਸਿੰਘ, ਕਵਲਜੀਤ ਸਿੰਘ ਠੱਟਾ, ਦਰਸ਼ਨ ਸਿੰਘ, ਭੁਪਿੰਦਰ ਸਿੰਘ ਅਤੇ ਹੋਰ ਕਈ ਮੁਹਤਬਰ ਵਿਅਕਤੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਸ. ਦਵਿੰਦਰ ਸਿੰਘ ਜੀ ਨੇ ਆਖਿਆ, ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਹੜ੍ਹਾਂ ਵਿਚ ਦੁਖੀ ਮਾਨਵਤਾ ਲਈ ਮਸੀਹਾ ਬਣ ਕੇ ਸੇਵਾਵਾਂ ਕੀਤੀਆਂ। ਟੁੱਟੇ ਦਰਿਆਵਾਂ ਨੂੰ ਬੰਨ ਮਾਰਨੇ ਇਨਾ ਮਹਾਂਪੁਰਖਾਂ ਦੇ ਹਿੱਸੇ ਹੀ ਆਏ ਹਨ। ਜਦੋਂ ਕਿਤੇ ਵੀ ਹੜ੍ਹਾਂ ਵਰਗੀ ਬਿਪਤਾ ਆਉਂਦੀ ਹੈ ਤਾਂ ਸੰਤ ਬਾਬਾ ਸੁੱਖਾ ਸਿੰਘ ਜੀ ਸਭ ਸਭ ਤੋਂ ਅੱਗੇ ਵੱਧ ਕੇ ਲੋਕਾਂ ਦੀ ਸਾਰ ਲੈਂਦੇ ਹਨ। ਇਹਨਾਂ ਉਹਨਾਂ ਜੇ ਕੁਦਰਤ ਵੱਲੋਂ ਮਾਨਵਤਾ ਨੂੰ ਐਸੇ ਔਖੇ ਸਮਿਆਂ ਵਿੱਚ ਮਾਨਵਤਾ ਦੀ ਭਲਾਈ ਲਈ ਸੇਵਾ ਕਰਨ ਹਿੱਤ ਪਰਮਾਤਮਾ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਵਰਗੀਆਂ ਮਹਾਨ ਪਰਉਪਕਾਰੀ ਸ਼ਖ਼ਸੀਅਤਾਂ ਦੀਆਂ ਡਿਊਟੀਆਂ ਲੱਗੀਆਂ ਹੁੰਦੀਆਂ ਹਨ। ਇਹਨਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਸਮੂਹ ਸੰਗਤ ਵੱਲੋਂ ਮਹਾਂਪੁਰਖਾਂ ਦਾ ਸਨਮਾਨ ਕਰ ਰਹੇ ਹਾਂ ਤਾਂ ਕਿ ਨਵੀਂ ਪੀੜੀ ਐਸੀਆਂ ਮਹਾਨ ਸ਼ਖਸੀਅਤਾਂ ਦੇ ਪਵਿੱਤਰ ਜੀਵਨ ਤੋਂ ਜਾਣੂੰ ਹੋ ਸਕੇ।

## ਭਗਤਵਾਲਾ ਡੰਪਿੰਗ ਸਾਈਟ 'ਤੇ ਬਾਇਓ-ਰੀਮੀਡੀਏਸ਼ਨ ਕੰਮ ਦੀ ਪ੍ਰਗਤੀ ਦੀ ਸੰਯੁਕਤ ਕਮਿਸ਼ਨਰ ਵੱਲੋਂ ਸਮੀਖਿਆ



ਅੰਮ੍ਰਿਤਸਰ, 20 ਫ਼ਰਵਰੀ (ਗੁਰਦਿਆਲ ਸਿੰਘ):ਕਮਿਸ਼ਨਰ ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੰਯੁਕਤ ਕਮਿਸ਼ਨਰ ਡਾ. ਜੈ ਇੰਦਰ ਸਿੰਘ ਵੱਲੋਂ ਅੱਜ ਭਗਤਵਾਲਾ ਡੰਪਿੰਗ ਸਾਈਟ 'ਤੇ ਚੱਲ ਰਹੇ ਬਾਇਓ-ਰੀਮੀਡੀਏਸ਼ਨ ਕੰਮ ਦਾ ਨਿਰੀਖਣ ਕੀਤਾ ਗਿਆ।ਇਸ ਮੌਕੇ 'ਤੇ ਐਮਓਐਚ ਡਾ. ਕਿਰਣਨ ਸੈਨਿਟਰੀ ਇੰਸਪੈਕਟਰ ਰਮਣ ਅਤੇ ਪ੍ਰੋਜੈਕਟ ਨੂੰ ਅੰਜਾਮ ਦੇ ਰਹੇ ਕੰਪਨੀ ਅਧਿਕਾਰੀ ਮੌਜੂਦ ਸਨ। ਅਧਿਕਾਰੀਆਂ ਵੱਲੋਂ ਸਾਈਟ 'ਤੇ ਚੱਲ ਰਹੀਆਂ ਕਾਰਵਾਈਆਂ, ਸੁਰੱਖਿਆ ਉਪਾਇਆਂ ਅਤੇ ਦਿਨ-ਪ੍ਰਤੀ-ਦਿਨ ਪ੍ਰਗਤੀ ਦੀ ਸਮੀਖਿਆ ਕੀਤੀ ਗਈ।ਤਾਜ਼ਾ ਪ੍ਰਗਤੀ ਰਿਪੋਰਟ ਅਨੁਸਾਰ ਹੁਣ ਤੱਕ ਕੁੱਲ 3,05,345 ਮੈਟ੍ਰਿਕ ਟਨ ਲੈਗਸੀ ਕਚਰੇ ਦੀ ਪ੍ਰਕਿਰਿਆ ਕੀਤੀ ਜਾ ਚੁੱਕੀ ਹੈ, ਜਿਸ ਵਿੱਚੋਂ 2,44,499.5 ਮੈਟ੍ਰਿਕ ਟਨ ਬਾਇਓ-ਸੌਇਲ ਵਿਗਿਆਨਕ ਬਾਇਓ-ਮਾਈਨਿੰਗ ਪ੍ਰਕਿਰਿਆ ਰਾਹੀਂ ਪ੍ਰਾਪਤ ਕੀਤੀ ਗਈ ਹੈ। 1 ਫ਼ਰਵਰੀ ਤੋਂ 19 ਫ਼ਰਵਰੀ 2026 ਤੱਕ ਰੋਜ਼ਾਨਾ ਲਗਭਗ 3,860 ਤੋਂ 4,495 ਮੈਟ੍ਰਿਕ ਟਨ ਕਚਰੇ ਦੀ ਪ੍ਰਕਿਰਿਆ ਕੀਤੀ ਗਈ, ਜੋ ਸਾਈਟ 'ਤੇ ਲਗਾਤਾਰ ਕੰਮ ਹੋਣ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ 3×4 ਮਟੀਰੀਅਲ ਅਤੇ ♣46 ਦੀ ਵੀ ਨਿਯਮਿਤ ਤੌਰ 'ਤੇ ਛਾਂਟ ਕੀਤੀ ਜਾ ਰਹੀ ਹੈ।ਨਿਰੀਖਣ ਦੌਰਾਨ ਸੰਯੁਕਤ ਕਮਿਸ਼ਨਰ ਨੇ ਸੰਬੰਧਿਤ ਏਜੰਸੀ ਅਤੇ ਫੀਲਡ ਸਟਾਫ ਨੂੰ ਹਦਾਇਤ ਕੀਤੀ ਕਿ: ਰੋਜ਼ਾਨਾ ਨਿਰਧਾਰਤ ਟਾਰਗਟ ਬਿਨਾਂ ਰੁਕਾਵਟ ਪੂਰੇ ਕੀਤੇ ਜਾਣ R46 ਅਤੇ 3×4 ਮਟੀਰੀਅਲ ਦੀ ਠੀਕ ਛਾਂਟ ਅਤੇ ਨਿਪਟਾਰਾ ਯਕੀਨੀ ਬਣਾਇਆ ਜਾਵੇ ਧੂੜ ਨਿਯੰਤਰਣ ਅਤੇ ਅੱਗ ਸੁਰੱਖਿਆ ਉਪਾਇਆਂ ਨੂੰ ਮਜ਼ਬੂਤ ਕੀਤਾ ਜਾਵੇ ਵਾਤਾਵਰਣ ਸੰਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਉਨ੍ਹਾਂ ਨੇ ਜ਼ੋਰ ਦਿੱਤਾ ਕਿ ਪ੍ਰੋਜੈਕਟ ਦੀ ਸਮੇਂ-ਸਿਰ ਪੂਰਤੀ ਅਤੇ ਭਗਤਵਾਲਾ ਸਾਈਟ ਦੀ ਬਹਾਲੀ ਲਈ ਨਿਰੰਤਰ ਨਿਗਰਾਨੀ ਕੀਤੀ ਜਾਵੇਗੀ।ਨਗਰ ਨਿਗਮ ਨੇ ਅੰਮ੍ਰਿਤਸਰ ਨੂੰ ਕਚਰਾ-ਮੁਕਤ ਬਣਾਉਣ ਅਤੇ ਡੰਪਿੰਗ ਸਾਈਟ ਨੂੰ ਵਿਗਿਆਨਕ ਅਤੇ ਟਿਕਾਊ ਢੰਗ ਨਾਲ ਮੁੜ ਵਿਕਸਿਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ।

## ਸਾਹਿਰ ਲੁਧਿਆਣਵੀ ਅਤੇ ਅੰਮ੍ਰਿਤਾ ਪ੍ਰੀਤਮ ਦੇ ਸਬੰਧਾਂ 'ਤੇ ਆਧਾਰਿਤ ਨਾਟਕ 'ਵੋ ਅਫਸਾਨਾ' ਕਰਵਾਇਆ



ਅੰਮ੍ਰਿਤਸਰ, 20 ਫਰਵਰੀ (ਗੁਰਦਿਆਲ ਸਿੰਘ):ਸਾਹਿਤ ਅਤੇ ਰੰਗਮੰਚ ਰਾਹੀਂ ਇਤਿਹਾਸਕ ਅਤੇ ਰੂਹਾਨੀ ਸਬੰਧਾਂ ਨੂੰ ਨਵੀਂ ਪੀੜ੍ਹੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ ਅਤੇ ਅੱਜ ਰਾਬਤਾ ਟੀਮ ਦੇ ਫਨਕਾਰਾਂ ਦੁਆਰਾ 'ਵੋ ਅਫਸਾਨਾ' ਦੇ ਸ਼ਾਨਦਾਰ ਮੰਚਨ ਨੇ ਇਹ ਸਾਬਤ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਪ੍ਰਸਿੱਧ ਕਵੀ ਅਤੇ ਸ਼ਾਇਰ ਸਾਹਿਰ ਲੁਧਿਆਣਵੀ ਅਤੇ ਮਹਾਨ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਰੂਹਾਨੀ ਅਤੇ ਸਾਹਿਤਕ ਸਬੰਧਾਂ 'ਤੇ ਆਧਾਰਿਤ ਉਕਤ ਵਿਸ਼ੇਸ਼ ਨਾਟਕ ਦੀ ਜੈਸ਼ਰੀ ਅਤੇ ਸ਼ਮੀਰ ਵੱਲੋਂ ਆਪਣੀ ਸ਼ਾਨਦਾਰ ਪ੍ਰਤਿਭਾ ਰਾਹੀਂ ਪੇਸ਼ ਕੀਤੇ ਮੰਚਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਸਹੀ ਮਾਇਨੇ 'ਚ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ ਅਤੇ ਸਾਹਿਰ ਤੇ ਅਮ੍ਰਿਤਾ ਦਾ ਰਿਸ਼ਤਾ ਸਿਰਫ਼ ਨਿੱਜੀ ਪ੍ਰੇਮ ਕਹਾਣੀ ਨਹੀਂ, ਸਗੋਂ ਦੋ ਰੂਹਾਂ ਦਾ ਰਚਨਾਤਮਕ ਮਿਲਾਪ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੰਸਕ੍ਰਿਤਿਕ ਯਤਨ ਵਿਦਿਆਰਥੀਆਂ 'ਚ ਸੰਵੇਦਨਸ਼ੀਲਤਾ ਅਤੇ ਸ੍ਰਿਜਨਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ। ਸ: ਛੀਨਾ ਨੇ ਕਿਹਾ ਕਿ ਕਿਵੇਂ ਵੰਡ ਦੇ ਦੌਰ ਅਤੇ ਸਮਾਜਿਕ ਹਾਲਾਤਾਂ ਨੇ ਦੋਵੇਂ ਰਚਨਕਾਰਾਂ ਦੀ ਜ਼ਿੰਦਗੀ ਅਤੇ ਰਿਸ਼ਤੇ ਨੂੰ ਪ੍ਰਭਾਵਿਤ ਕੀਤਾ ਇਸ ਪਹਿਲੂ ਨੂੰ ਨਾਟਕ ਰਾਹੀਂ ਬਾਖੂਬੀ ਦਰਸਾਇਆ ਗਿਆ। ਇਸ 'ਚ ਦੋਵੇਂ ਨੇ ਆਪਣੇ-ਆਪਣੇ ਅੰਦਾਜ਼ 'ਚ ਪ੍ਰੇਮ, ਦਰਦ, ਵਿਛੋੜੇ ਅਤੇ ਆਸ ਨੂੰ ਕਲਮਬੱਧ ਕੀਤਾ। ਉਨ੍ਹਾਂ ਦੀ ਰਚਨਾ 'ਚ ਜਿੱਥੇ ਸਮਾਜਿਕ ਅਸਮਾਨਤਾਵਾਂ ਦਾ ਦਰਦ ਹੈ, ਉਥੇ ਮਨੁੱਖਤਾ ਅਤੇ ਪ੍ਰੇਮ ਦੀ ਗੂੰਜ ਵੀ ਸੁਣਾਈ ਦਿੰਦੀ ਹੈ। ਖ਼ਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਦੇ ਯਤਨਾਂ ਸਦਕਾ ਖ਼ਾਲਸਾ ਕਾਲਜ ਫਾਰ ਵੂਮੈਨ ਦੇ ਆਡੀਟੋਰੀਅਮ ਵਿਖੇ ਕਰਵਾਏ ਗਏ ਉਕਤ ਨਾਟਕ ਦਾ ਉਦੇਸ਼ ਵਿਦਿਆਰਥੀਆਂ ਅਤੇ ਸਾਹਿਤ ਪ੍ਰੇਮੀਆਂ ਨੂੰ ਦੋ ਮਹਾਨ ਰਚਨਕਾਰਾਂ ਦੇ ਜੀਵਨ, ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਅਨਕਹੇ ਪ੍ਰੇਮ ਅਫਸਾਨੇ ਨਾਲ ਰੂਬਰੂ ਕਰਵਾਉਣਾ ਸੀ, ਜਿਸ ਦੌਰਾਨ 'ਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਐਗਜੇਮੀਨੇਸ਼ਨ ਕੰਟਰੋਲਰ ਡੀਨ ਡਾ. ਕੰਵਲਜੀਤ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਡਾ. ਮਹਿਲ ਸਿੰਘ ਅਤੇ ਡਾ. ਕੁਮਾਰ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਨਾਟਕ 'ਚ ਸਾਹਿਰ ਲੁਧਿਆਣਵੀ ਅਤੇ ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਮੁਲਾਕਾਤ ਤੋਂ ਲੈ ਕੇ ਉਨ੍ਹਾਂ ਦੇ ਰਿਸ਼ਤੇ ਦੇ ਉਤਾਰ-ਚੜ੍ਹਾਵਾਂ ਤੱਕ ਦੇ ਪਲਾਂ ਨੂੰ ਅਦਾਕਾਰਾਂ ਵੱਲੋਂ ਭਾਵਪੂਰਨ ਢੰਗ ਨਾਲ ਦਰਸਾਇਆ ਗਿਆ। ਉਨ੍ਹਾਂ ਕਿਹਾ ਕਿ ਅਦਾਕਾਰ ਜੈਸ਼ਰੀ, ਸ਼ਮੀਰ, ਗਾਇਕ ਸ਼੍ਰੀਆ, ਰਾਜੇਸ਼ ਅਤੇ ਬੈਕਸਟੇਜ਼ ਅਤੇ ਲਾਈਟ ਸਵਾਤੀ ਸਮੂਹ ਟੀਮ ਵੱਲੋਂ ਮੰਚ ਸਜਾਵਟ, ਪਿਛੋਕੜ ਸੰਗੀਤ ਅਤੇ ਕਾਵਿਤਰੀ ਪਾਠ ਨੇ ਦਰਸ਼ਕਾਂ ਨੂੰ ਉਸ ਦੌਰ 'ਚ ਲੈ ਜਾ ਕੇ ਖੜਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮੌਕੇ ਖ਼ਾਸ ਤੌਰ 'ਤੇ ਸਾਹਿਰ ਦੀਆਂ ਨਜ਼ਮਾਂ ਅਤੇ ਅੰਮ੍ਰਿਤਾ ਦੀਆਂ ਕਵਿਤਾਵਾਂ ਦੇ ਅੰਸ਼ਾਂ ਨੇ ਹਾਲ 'ਚ ਇਕ ਅਦਭੁੱਤ ਖ਼ਾਮੋਸ਼ੀ ਅਤੇ ਗਹਿਰਾਈ ਪੈਦਾ ਕੀਤੀ।

## ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਭਾਜਪਾ ਸਿਰ ਮੜ੍ਹਨ ਦੀ ਸਾਜਿਸ਼ ਨੈਤਿਕ ਪਤਨ ਦੀ ਨਿਸ਼ਾਨੀ : ਪ੍ਰੋ. ਖਿਆਲਾ



ਅੰਮ੍ਰਿਤਸਰ, 20 ਫਰਵਰੀ (ਗੁਰਦਿਆਲ ਸਿੰਘ) : ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੇ ਗਏ ਤਾਜ਼ਾ ਖ਼ੁਲਾਸਿਆਂ ਉੱਤੇ ਗਹਿਰੀ ਹੈਰਾਨੀ ਜਤਾਉਂਦਿਆਂ ਇਸ ਸਾਰੇ ਮਾਮਲੇ ਨੂੰ ਬਹੁਤ ਹੀ ਮੰਦਭਾਗਾ ਅਤੇ ਪੰਥਕ ਮਰਿਆਦਾ ਲਈ ਚਿੰਤਾਜਨਕ ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਜੇਕਰ 2 ਦਸੰਬਰ 2024 ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਹਨਾਂ ਦੇ ਸਾਥੀਆਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤੀ ਗਈ ਕਾਰਵਾਈ ਨੂੰ ਬੀਜੇਪੀ ਵੱਲੋਂ ਡਿਜ਼ਾਈਨ ਕੀਤਾ ਗਿਆ ਕਹਿ ਕੇ ਸਿੱਖ ਪੰਥ ਨੂੰ ਗੁੰਮਰਾਹ ਕਰਨ ਲਈ ਸਿੰਘ ਸਾਹਿਬਾਨਾਂ ਉੱਤੇ ਕਿਸੇ ਵੀ ਪ੍ਰਕਾਰ ਦਾ ਦਬਾਅ ਬਣਾਇਆ ਗਿਆ ਹੈ, ਤਾਂ ਇਹ ਨਿੰਦਣਯੋਗ ਹੀ ਨਹੀਂ, ਸਗੋਂ ਪੰਥਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ 'ਤੇ ਸਿੱਧਾ ਹਮਲਾ ਹੈ। ਕੋਈ ਵੀ ਸੋਚ ਨਹੀਂ ਸਕਦਾ ਕਿ ਕੋਈ ਵਿਅਕਤੀ ਇਸ ਹੱਦ ਤੱਕ ਵੀ ਗਿਰ ਸਕਦਾ ਹੈ।ਪ੍ਰੋ. ਖਿਆਲਾ ਨੇ ਗਿਆਨੀ ਰਘਬੀਰ ਸਿੰਘ ਦੇ ਇਸ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਇਹ ਕਹਿਣ ਲਈ ਦਬਾਅ ਪਾਇਆ ਗਿਆ ਕਿ 2 ਦਸੰਬਰ ਵਾਲਾ ਸਾਰਾ ਇਲਜ਼ਾਮ ਤੁਸੀਂ ਬੀਜੇਪੀ ਉੱਤੇ ਲਾ ਦਿਓ, ਆਰਐਸਐਸ 'ਤੇ ਲਾ ਕੇ ਕਹਿ ਦਿਓ ਕਿ ਮੇਰੇ ਤੋਂ ਬਹੁਤ ਵੱਡੀ ਗ਼ਲਤੀ ਹੋਈ ਕਿ ਦੋ ਦਸੰਬਰ ਨੂੰ ਜੋ ਫ਼ੈਸਲਾ ਕੀਤਾ ਗਿਆ, ਮੈਨੂੰ ਗੁਮਰਾਹ ਕੀਤਾ ਗਿਆ, ਤਾਂ ਇਹ ਸਿਰਫ਼ ਰਾਜਨੀਤਿਕ ਬੇਈਮਾਨੀ ਹੀ ਨਹੀਂ, ਸਗੋਂ ਨੈਤਿਕਤਾ ਦੇ ਪੂਰਨ ਪਤਨ ਦਾ ਸਬੂਤ ਹੈ।ਉਨ੍ਹਾਂ ਸਪਸ਼ਟ ਕੀਤਾ ਕਿ 2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬਾਨਾਂ ਨੇ ਖ਼ੁਦ ਕਿਹਾ ਸੀ ਕਿ ਇਹ ਫ਼ੈਸਲੇ ਕਿਸੇ ਰਾਜਨੀਤਿਕ ਦਬਾਅ ਹੇਠ ਨਹੀਂ, ਸਗੋਂ ਗੁਰਮਤ ਦੀ ਰੌਸ਼ਨੀ ਵਿੱਚ ਸਰਬਸੰਮਤੀ ਨਾਲ ਲਏ ਗਏ ਹਨ। ਅਜਿਹੇ ਵਿੱਚ ਉਨ੍ਹਾਂ ਫ਼ੈਸਲਿਆਂ ਨੂੰ ਬਾਅਦ ਵਿੱਚ ਬੀਜੇਪੀ ਜਾਂ ਆਰਐਸਐਸ ਦੇ ਸਿਰ ਮੜ੍ਹਨ ਦੀ ਸਾਜ਼ਿਸ਼ੀ ਰਚਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਸੰਸਥਾਗਤ ਖ਼ੁਦਮੁਖ਼ਤਿਆਰੀ 'ਤੇ ਸਿੱਧਾ ਹਮਲਾ ਹੈ ਅਤੇ ਘਟੀਆ ਰਾਜਨੀਤਿਕ ਵਿਵਾਦ ਵਿੱਚ ਘਸੀਟਣ ਦੇ ਬਰਾਬਰ ਹੈ। ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਆਪਣੇ ਪੁਰਾਣੇ ਸਾਥੀ ਭਾਜਪਾ ਉੱਤੇ ਬਿਨਾਂ ਆਧਾਰ ਇਲਜ਼ਾਮ ਥੋਪਣ ਦੀ ਸਾਜ਼ਿਸ਼ੀ ਰਚ ਕੇ ਸੁਖਬੀਰ ਸਿੰਘ ਬਾਦਲ ਨੇ ਪੁਰਾਣੇ ਸਾਥੀ ਦੇ 'ਭਰੋਸੇ' ਦਾ ਹੀ ਕਤਲ ਕੀਤਾ ਹੈ। ਉਹਨਾਂ ਨੂੰ ਬੀਜੇਪੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਲਈ ਖੁੱਲ੍ਹੇਆਮ ਮਾਫ਼ੀ ਮੰਗਣੀ ਚਾਹੀਦੀ ਹੈ ਅਤੇ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਬਾਦਲ ਪਰਿਵਾਰ ਨੇ ਪੰਥਕ ਪਦਵੀਆਂ ਦਾ ਸਭ ਤੋਂ ਵੱਧ ਨਿਰਾਦਰ ਕੀਤਾ ਹੈ।ਜਿਨ੍ਹਾਂ ਉੱਤੇ ਪੰਥਕ ਮਰਿਆਦਾ, ਪਰੰਪਰਾਵਾਂ ਅਤੇ ਰਿਵਾਇਤਾਂ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਸੀ, ਉਹਨਾਂ ਨੇ ਹੀ ਸਿੱਖੀ ਸਿਧਾਂਤਾਂ ਦਾ ਘਾਣ ਕੀਤਾ ਅਤੇ ਮਰਿਆਦਾ ਦੀਆਂ ਧੱਜੀਆਂ ਉਡਾਈਆਂ। ਸੱਚ ਨੂੰ ਕੁਝ ਸਮੇਂ ਲਈ ਦਬਾਇਆ ਜਾ ਸਕਦਾ ਹੈ, ਪਰ ਮਿਟਾਇਆ ਨਹੀਂ ਜਾ ਸਕਦਾਅਕਾਲੀ ਲੀਡਰਸ਼ਿਪ ਦੀਆਂ ਸਿਆਸੀ ਖ਼ਾਹਿਸ਼ਾਂ ਦੀ ਪੂਰਤੀ ਕਰਨੀ ਕਿਸੇ ਵੀ ਜਥੇਦਾਰ ਲਈ ਮਜਬੂਰੀ ਬਣੀ ਹੋਵੇ, ਪਰ ਸਮੇਂ ਦੇ ਨਾਲ ਉਹਨਾਂ ਨੇ ਬਾਦਲ ਪਰਿਵਾਰ ਦੀਆਂ ਖ਼ਾਮੀਆਂ ਅਤੇ ਗ਼ਲਤੀਆਂ ਨੂੰ ਉਜਾਗਰ ਕਰਕੇ ਸੱਚ ਸਾਹਮਣੇ ਰੱਖਿਆ ਹੈ।

## ਟੈਲੀ-ਮਾਨਸ ਹੈਲਪਲਾਈਨ 'ਤੇ 22,200 ਤੋਂ ਵੱਧ ਕਾਲਾਂ ਆਈਆਂ : ਸਿਵਲ ਸਰਜਨ



ਅੰਮ੍ਰਿਤਸਰ , 20 ਫਰਵਰੀ( ਗੁਰਦਿਆਲ ਸਿੰਘ) :ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਦੀ ਅਗਵਾਈ ਹੇਠ ਮਾਨਸਿਕ ਸਿਹਤ ਪ੍ਰੋਗਰਾਮ ਤਹਿਤ ਟੈਲੀ ਮਾਨਸ ਹੈਲਪਲਾਈਨ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਹੈਲਪ ਲਾਈਨ 'ਤੇ ਪਿਛਲੇ ਇਕ ਸਾਲ ਦੌਰਾਨ ਜ਼ਿਲ੍ਹੇ ਭਰ ਵਿਚ 22,200 ਤੋਂ ਵੱਧ ਕਾਲਾਂ ਪ੍ਰਾਪਤ ਹੋ ਚੁੱਕੀਆਂ ਹਨ, ਜਿੱਥੇ ਲੋਕਾਂ ਨੇ ਮਾਨਸਿਕ ਸਲਾਹ, ਭਾਵਨਾਤਮਕ ਸਹਾਇਤਾ ਅਤੇ ਮਨੋਵਿਗਿਆਨਕ ਮਦਦ ਲਈ ਸੰਪਰਕ ਕੀਤਾ। ਟੈਲੀ-ਮਨਾਸ ਭਾਰਤ ਸਰਕਾਰ - ਦੀ ਨੈਸ਼ਨਲ ਟੈਲੀ ਮੈਨਟਲ ਹੈਲਥ ਪ੍ਰੋਗਰਾਮ ਹੇਠ ਇਕ ਮਹੱਤਵਪੂਰਨ ਪਹਿਲ ਹੈ, ਜਿਸ ਦਾ ਉਦੇਸ਼ ਦੇਸ਼ ਭਰ ਦੇ ਲੋਕਾਂ ਨੂੰ ਮੁਫ਼ਤ, ਗੁਪਤ ਅਤੇ 24 ਘੰਟੇ ਮਾਨਸਿਕ ਸਿਹਤ ਜੋ ਸਹਾਇਤਾ ਪ੍ਰਦਾਨ ਕਰਨਾ ਹੈ। ਇਹ ਸੇਵਾ ਮਾਹਿਰ ਕੌਂਸਲਰਾਂ ਰਾਹੀਂ ਤੁਰੰਤ ਮਦਦ, ਤਣਾਅ ਨੂੰ ਸੰਭਾਲਣ - ਲਈ ਤਰੀਕੇ, ਮਨੋਵਿਗਿਆਨਕ ਪਹਿਲੀ ਸਹਾਇਤਾ ਅਤੇ ਲੋੜ ਪੈਣ 'ਤੇ ਮਾਹਿਰਾਂ ਜਾਂ ਸਿਹਤ ਸੰਸਥਾਵਾਂ - ਨਾਲ ਜੋੜਨ ਦੀ ਸੁਵਿਧਾ ਦਿੰਦੀ ਹੈ। ਹੈਲਪ ਲਾਈਨ ਰਾਹੀਂ ਤਣਾਅ, ਚਿੰਤਾ, ਡਿਪ੍ਰੈਸ਼ਨ, ਪ੍ਰੀਖਿਆ ਦਬਾਅ,ਰਿਸ਼ਤਿਆਂ ਦੀਆਂ ਸਮੱਸਿਆਵਾਂ, ਨਸ਼ੇ ਸੰਬੰਧੀ ਚਿੰਤਾਵਾਂ, ਨੀਂਦ ਦੀਆਂ ਸਮੱਸਿਆਵਾਂ ਅਤੇ ਸੰਕਟ ਸਥਿਤੀਆਂ ਵਰਗੇ ਮਾਮਲਿਆਂ ਵਿਚ ਮਦਦ ਪ੍ਰਦਾਨ ਕੀਤੀ ਜਾਂਦੀ ਹੈ। ਇਹ ਦੋ ਪੱਧਰੀ ਪ੍ਰਣਾਲੀ ਰਾਹੀਂ ਕੰਮ ਕਰਦੀ ਹੈ। ਪਹਿਲੇ ਪੱਧਰ 'ਤੇ ਕੌਂਸਲਰ ਸਹਾਇਤਾ ਦਿੰਦੇ ਹਨ ਅਤੇ ਜ਼ਰੂਰਤ ਪੈਣ 'ਤੇ ਮਾਮਲੇ ਨੂੰ ਮਨੋਵਿਗਿਆਨੀ ਜਾਂ ਮਨੋਰੋਗ ਮਾਹਿਰ ਵੱਲ ਭੇਜਿਆ ਜਾਂਦਾ ਹੈ। ਡਿਪਟੀ ਮੈਡੀਕਲ ਕਮਿਸ਼ਨਰ ਡਾ ਗੁਰਮੀਤ ਕੌਰ ਨੇ ਕਿਹਾ ਕਿ ਵੱਧ ਰਹੀਆਂ ਕਾਲਾਂ ਲੋਕਾਂ ਵਿਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਦਾ ਸੰਕੇਤ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭਾਵਨਾਤਮਕ ਤਣਾਅ ਮਹਿਸੂਸ ਹੋਵੇ ਤਾਂ ਉਹ ਬਿਨਾਂ ਝਿਜਕ ਸਹਾਇਤਾ ਲੈਣ। ਉਨ੍ਹਾਂ ਨੇ ਸਮਾਜਿਕ ਸੰਸਥਾਵਾਂ, ਸਕੂਲਾਂ ਅਤੇ ਪਰਿਵਾਰਾਂ ਨੂੰ ਵੀ ਇਸ ਸੇਵਾ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ। ਇਸ ਮੌਕੇ 'ਤੇ ਜ਼ਿਲ੍ਹਾ ਐਮ.ਈ.ਆਈ.ਓ ਅਮਰਦੀਪ ਸਿੰਘ ਨੇ ਦੱਸਿਆ ਕਿ ਲੋਕ ਇਸ 24 ਘੰਟੇ, ਹਫ਼ਤੇ ਦੇ 7 ਦਿਨ ਟੋਲ-ਫਰੀ ਨੰਬਰ 1800-89-14416 ਅਤੇ 14416 ਕਾਲ ਕਰਕੇ ਸੇਵਾ ਲੈ ਸਕਦੇ ਹਨ।

## ਕੋਰਟ ਕੇਸ ਵਾਪਸ ਲੈਣ ਲਈ ਗੈਂਗਸਟਰ ਵੱਲੋਂ ਧਮਕੀਆਂ ਦਿਵਾਉਣ ਦਾ ਦੋਸ਼



ਚੌਕ ਮਹਿਤਾ, 20 ਫਰਵਰੀ (ਬਲਜਿੰਦਰ ਸਿੰਘ ਰੰਧਾਵਾ) :ਮਾਨਯੋਗ ਬਾਬਾ ਬਕਾਲਾ ਸਾਹਿਬ ਅਦਾਲਤ ਵਿੱਚ ਚਲਦੇ ਕੋਰਟ ਕੇਸ ਨੂੰ ਵਾਪਸ ਲੈਣ ਲਈ ਗੈਂਗਸਟਰ ਵੱਲੋਂ ਫੋਨ 'ਤੇ ਧਮਕੀਆਂ ਦਿਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪੱਤਰਕਾਰਾਂ ਨੂੰ ਹਲਫੀਆ ਬਿਆਨ ਰਾਹੀਂ ਰਣਜੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਰਾਮਦੀਵਾਲੀ ਮੁਸਲਮਾਨਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਦਾ ਆਪਣੇ ਚਾਚੇ ਦੇ ਪਰਿਵਾਰ ਨਾਲ ਜਾਇਦਾਦ ਦੇ ਮਸਲੇ 'ਤੇ ਬਾਬਾ ਬਕਾਲਾ ਸਾਹਿਬ ਵਿਖੇ ਮਾਨਯੋਗ ਅਦਾਲਤ ਵਿੱਚ ਕੋਰਟ ਕੇਸ ਚੱਲ ਰਿਹਾ ਹੈ ।ਚਲਦੇ ਕੋਰਟ ਕੇਸ ਨੂੰ ਕਿਸੇ ਵਾਪਸ ਲੈਣ ਲਈ ਅਣਪਛਾਤੇ ਵਿਅਕਤੀ ਵੱਲੋਂ ਵਿਦੇਸ਼ੀ ਫੋਨ ਨੰਬਰ +(341)899 8137 ਤੋਂ ਵਟਸਐਪ ਕਾਲ ਰਾਹੀਂ ਗਾਲੀ ਗਲੋਚ ਕੀਤਾ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਂਦੇ ਹੋਏ ਕਿਹਾ ਕਿ ਅਗਰ ਤੂੰ ਆਪਣੇ ਚਾਚੇ ਦੀ ਪਰਿਵਾਰ 'ਤੇ ਕੀਤਾ ਹੋਇਆ ਕੇਸ ਤੋਂ ਵਾਪਸ ਨਾ ਲਿਆ ਤਾਂ ਇਸ ਦੇ ਸਿੱਟੇ ਗੰਭੀਰ ਨਿਕਲਣਗੇ, ਪਹਿਲਾਂ ਤਾਂ ਤੇਰੀ ਕੁੱਟਮਾਰ ਕੀਤੀ ਸੀ ਹੁਣ ਸਿੱਧੀਆਂ ਸਿਰ ਵਿੱਚ ਗੋਲੀਆਂ ਮਾਰੀਆਂ ਜਾਣਗੀਆਂ। ਪੀੜਤ ਰਣਜੀਤ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਤਕਰੀਬਨ ਇੱਕ ਮਹੀਨਾ ਪਹਿਲਾਂ ਥਾਣਾ ਮੱਤੇਵਾਲ ਵਿਖੇ ਲਿਖਤੀ ਦਰਖਾਸਤ ਦਿੱਤੀ ਹੋਈ ਸੀ, ਦਿੱਤੀ ਹੋਈ ਦਰਖਾਸਤ ਉੱਪਰ ਥਾਣਾ ਮੱਤੇਵਾਲ ਦੇ ਮੁਖੀ ਵੱਲੋਂ ਕੋਈ ਵੀ ਅਮਲ ਨਹੀਂ ਕੀਤਾ ਗਿਆ। ਸਗੋਂ ਸਿਆਸੀ ਦਬਾਅ ਹੇਠ ਪਰਿਵਾਰ ਨਾਲ ਬਿਠਾ ਕੇ ਰਾਜੀਨਾਵਾਂ ਕਰਾਉਣ ਲਈ ਦਬਾਅ ਬਣਾ ਰਿਹਾ ਹੈ,ਜਿਸ ਸਬੰਧੀ ਉਹ ਹਲਕਾ ਮਜੀਠਾ ਅੰਮ੍ਰਿਤਸਰ ਦਿਹਾਤੀ ਦੇ ਮਾਨਯੋਗ ਐਸਐਸਪੀ ਸਾਹਿਬ ਨੂੰ ਵੀ ਲਿਖਤੀ ਦਰਖਾਸਤ ਦੇ ਚੁੱਕੇ ਹਨ ਪਰ ਥਾਣਾ ਮੱਤੇਵਾਲ ਦੀ ਪੁਲਿਸ ਸੀਨੀਅਰ ਅਫਸਰਾਂ ਵੱਲੋਂ ਕਾਰਵਾਈ ਕਰਨ ਦੇ ਪੂਰਨ ਭਰੋਸੇ ਉਪਰੰਤ ਵੀ ਸੀਨੀਅਰ ਅਫਸਰਾਂ ਦੇ ਹੁਕਮਾਂ ਨੂੰ ਟਿੱਚ ਜਾਣਦੇ ਹਨ। ਪੁਲਿਸ ਵੱਲੋਂ ਕਥਿੱਤ ਦੋਸ਼ੀਆਂ ਵਿਰੁੱਧ ਹਾਲੇ ਤੱਕ ਕੋਈ ਕਾਰਵਾਈ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ ਰਣਜੀਤ ਸਿੰਘ ਨੇ ਦੱਸਿਆ ਕਿ ਕੱਲ ਨੂੰ ਜੇ ਉਸਦਾ ਕਿਸੇ ਕਿਸਮ ਦਾ ਕੋਈ ਵੀ ਨੁਕਸਾਨ ਹੁੰਦਾ ਹੈ, ਤਾਂ ਇਸਦਾ ਜਿੰਮੇਵਾਰ ਉਸਦੇ ਚਾਚੇ ਦਾ ਪਰਿਵਾਰ ਕੰਵਲਜੀਤ ਕੌਰ, ਮਨਪ੍ਰੀਤ ਸਿੰਘ ਮੰਨੂ, ਕੁਲਵੰਤ ਕੌਰ, ਜਸਵੰਤ ਸਿੰਘ ਅਤੇ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ। ਪੀੜਤ ਰਣਜੀਤ ਸਿੰਘ ਨੇ ਦੁਖੀ ਹੀ ਮਨ ਨਾਲ ਕਿਹਾ ਕਿ ਇੱਕ ਪਾਸੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਸਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਆਪ ਲੀਡਰਾਂ ਦੇ ਸਿਆਸੀ ਦਬਾਅ ਹੇਠ ਪੁਲਿਸ ਕਾਰਵਾਈ ਕਰਨ ਤੋਂ ਆਨਾਕਾਨੀ ਕਰ ਰਹੀ ਹੈ,ਜਦੋਂਕਿ ਉਹ ਵੀ ਆਮ ਆਦਮੀ ਪਾਰਟੀ ਦਾ ਸਰਗਰਮ ਵਰਕਰ ਰਹਿ ਚੁੱਕਾ ਹੈ ਤੇ ਅੱਜ ਉਹ ਸਰਕਲ ਮੱਤੇਵਾਲ ਤੋਂ ਮੌਜੂਦਾ ਪੱਤਰਕਾਰ ਵੀ ਹੈ। ਅੱਜ ਉਸ ਨੂੰ ਵੀ ਇਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋਣ ਪੈ ਰਿਹਾ ਹੈ, ਉਥੇ ਆਮ ਲੋਕਾਂ ਦੇ ਕੀ ਹਾਲਾਤ ਹੋ ਸਕਦੇ ਹਨ।ਪ੍ਰਸ਼ਾਸਨ ਅਤੇ ਸਰਕਾਰ ਦੇ ਲੀਡਰ ਦੋਹਰਾ ਮਾਪਦੰਡ ਅਪਨਾ ਰਹੇ ਹਨ ਸੋ ਪ੍ਰਸ਼ਾਸਨ ਅਤੇ ਸਰਕਾਰ ਦੇ ਸਵਾਲੀਆ ਚਿੰਨ ਪੈਦਾ ਕਰਦਾ ਹੈ ?ਪੀੜਤ ਪੱਤਰਕਾਰ ਰਣਜੀਤ ਸਿੰਘ ਨੇ ਪੰਜਾਬ ਸਰਕਾਰ, ਮਨੁੱਖੀ ਅਧਿਕਾਰ ਸੰਗਠਨ ਅਤੇ ਡੀਜੀਪੀ ਪੰਜਾਬ ਤੋਂ ਮੰਗ ਕਰਦੇ ਕਿਹਾ ਮੈਨੂੰ ਇਨਸਾਫ ਦਵਾਇਆ ਜਾਵੇ ਅਤੇ ਦੋਸ਼ੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਅੰਮ੍ਰਿਤਸਰ ਦੱਖਣੀ ਸ਼ਹਿਰ ਦੇ ਖੇਡਾਂ ਅਤੇ ਫਿਟਨੈੱਸ ਦਾ ਹੱਬ ਬਣਨ ਵੱਲ ਵੱਧਦੇ ਕਦਮ



ਅੰਮ੍ਰਿਤਸਰ, 20 ਫਰਵਰੀ (ਬਬਲੂ ਮਹਾਜਨ) :ਹਲਕਾ ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਜੀ ਦੀ ਦੂਰਦਰਸ਼ੀ ਸੋਚ ਅਤੇ ਅਗਵਾਈ ਹੇਠ ਅੱਜ ਹਲਕੇ ਵਿੱਚ ਖੇਡਾਂ ਅਤੇ ਫਿਟਨੈੱਸ ਖੇਤਰ ਨੂੰ ਮਜ਼ਬੂਤੀ ਦੇਣ ਵੱਲ ਮਹੱਤਵਪੂਰਨ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ, ਜੋ ਨੌਜਵਾਨਾਂ ਅਤੇ ਇਲਾਕਾ ਨਿਵਾਸੀਆਂ ਲਈ ਵੱਡਾ ਤੋਹਫ਼ਾ ਹਨ।ਵਾਰਡ ਨੰਬਰ 36 ਵਿੱਚ ਡਾ. ਇੰਦਰਬੀਰ ਸਿੰਘ ਨਿੱਜਰ ਨੇ ਇਲਾਕਾ ਨਿਵਾਸੀਆਂ ਦੇ ਨਾਲ ਮਿਲ ਕੇ ਬਾਬਾ ਜੀਵਨ ਸਿੰਘ ਬਾਕਸਡ ਕ੍ਰਿਕਟ ਸਟੇਡੀਅਮ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਹ ਸਟੇਡੀਅਮ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਇਲੈਕਟ੍ਰਾਨਿਕ ਗੈਜਿਟਾਂ ਤੋਂ ਦੂਰ ਰੱਖਣ ਵੱਲ ਇੱਕ ਦ੍ਰਿੜ ਕਦਮ ਹੈ। ਡਾ. ਨਿੱਜਰ ਜੀ ਨੇ ਇਸ ਪ੍ਰੋਜੈਕਟ ਵਿੱਚ ਉੱਚ ਮਿਆਰੀ ਟਰਫ਼ ਅਤੇ ਸੁਰੱਖਿਆ ਮਾਪਦੰਡ ਯਕੀਨੀ ਬਣਾਉਣ 'ਤੇ ਖ਼ਾਸ ਧਿਆਨ ਦਿੱਤਾ ਹੈ।ਇਸ ਤੋਂ ਇਲਾਵਾ, ਵਾਰਡ ਨੰਬਰ 46 ਵਿੱਚ ਧੰਨ-ਧੰਨ ਬਾਬਾ ਦੀਪ ਸਿੰਘ ਜੀ ਕਲੋਨੀ ਵਿੱਚ ਇੰਡੋਰ ਜਿਮ ਦੇ ਨਿਰਮਾਣ ਕਾਰਜ ਦਾ ਵੀ ਡਾ. ਨਿੱਜਰ ਜੀ ਵੱਲੋਂ ਉਦਘਾਟਨ ਕੀਤਾ ਗਿਆ। ਇਹ ਜਿਮ ਇਲਾਕਾ ਨਿਵਾਸੀਆਂ ਦੀ ਮੰਗ ਸੀ, ਜਿਸ ਨੂੰ ਪੂਰਾ ਕਰਕੇ ਡਾ. ਨਿੱਜਰ ਜੀ ਨੇ ਸਾਬਤ ਕੀਤਾ ਹੈ ਕਿ ਉਹ ਹਲਕੇ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹਨ। ਇਹ ਸਹੂਲਤ ਹਰ ਉਮਰ ਦੇ ਲੋਕਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰੇਗੀ।ਡਾ. ਇੰਦਰਬੀਰ ਸਿੰਘ ਨਿੱਜਰ ਜੀ ਨੇ ਕਿਹਾ ਕਿ ਅੰਮ੍ਰਿਤਸਰ ਦੱਖਣੀ ਵਿੱਚ ਜ਼ਮੀਨੀ ਪੱਧਰ 'ਤੇ ਖੇਡ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਨੌਜਵਾਨਾਂ ਲਈ ਬਿਹਤਰ ਮੌਕੇ ਪੈਦਾ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਦੀ ਅਗਵਾਈ ਹੇਠ ਅੰਮ੍ਰਿਤਸਰ ਦੱਖਣੀ ਸ਼ਹਿਰ ਦੇ ਖੇਡਾਂ ਅਤੇ ਫਿਟਨੈੱਸ ਹੱਬ ਵਜੋਂ ਉਭਰਨ ਵੱਲ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।

## ਬਰਨਾਲਾ ਸਟੇਸ਼ਨ 'ਤੇ ਰੁਕੀ ਵੰਦੇ ਭਾਰਤ, ਮੀਤ ਹੇਅਰ ਨੇ ਸ਼ਹਿਰ ਵਾਸੀਆਂ ਨੂੰ ਦਿੱਤੀ ਮੁਬਾਰਕਬਾਦ



ਬਰਨਾਲਾ, 20 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਯਤਨਾਂ ਸਦਕਾ ਅੱਜ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਟ੍ਰੇਨ ਦੀ ਬਰਨਾਲਾ ਵਿਖੇ ਠਹਿਰ ਹੋਈ, ਜਿਸ 'ਤੇ ਲੋਕ ਸਭਾ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਜ਼ਿਲ੍ਹਾ ਬਰਨਾਲਾ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਵੰਦੇ ਭਾਰਤ ਟ੍ਰੇਨ ਅੱਜ ਬਰਨਾਲਾ ਰੇਲਵੇ ਸਟੇਸ਼ਨ @ਤੇ ਸਵੇਰੇ 9: 59 @ਤੇ ਪੁੱਜੀ। ਸੰਸਦ ਮੈਂਬਰ ਮੀਤ ਹੇਅਰ ਨੇ ਕਿਹਾ ਕਿ ਉਹ ਇਲਾਕੇ ਦੀ ਬਿਹਤਰੀ ਲਈ ਸੰਸਦ ਵਿੱਚ ਵੀ ਲਗਾਤਾਰ ਇਹ ਮੰਗ ਚੁੱਕਦੇ ਰਹੇ ਹਨ ਅਤੇ ਪਿਛਲੇ ਸਮੇਂ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕਰਕੇ ਨਵੀਂ ਦਿੱਲੀ ਤੋਂ ਫਿਰੋਜ਼ਪੁਰ ਕੈਂਟ ਤੱਕ ਚੱਲਣ ਵਾਲੀ ਨਵੀਂ ਵੰਦੇ ਭਾਰਤ ਰੇਲ ਗੱਡੀ ਦਾ ਠਹਿਰਾਅ ਬਰਨਾਲਾ ਵਿਖੇ ਕਰਨ ਦੀ ਮੰਗ ਕੀਤੀ ਗਈ ਸੀ ਤਾਂ ਜੋ ਇਸ ਗੱਡੀ ਦੇ ਠਹਿਰਾਅ ਨਾਲ ਆਸ-ਪਾਸ ਦੇ ਸੈਂਕੜੇ ਪਿੰਡਾਂ ਅਤੇ ਹੋਰ ਕਸਬਿਆਂ ਨੂੰ ਲਾਭ ਮਿਲ ਸਕੇ ਅਤੇ ਉਹ ਕੌਮੀ ਰਾਜਧਾਨੀ ਨਾਲ ਜੁੜ ਸਕਣ। ਮੀਤ ਹੇਅਰ ਨੇ ਕਿਹਾ ਕਿ ਉਹ ਬਰਨਾਲਾ ਲਈ ਹਾਈ ਸਪੀਡ ਰੇਲ ਸ਼ੁਰੂ ਕਰਨ ਦੀ ਮੰਗ ਰੱਖਦੇ ਰਹੇ ਹਨ। ਬਰਨਾਲਾ ਵਿਖੇ ਪਹਿਲਾਂ ਵੰਦੇ ਭਾਰਤ ਰੇਲ ਦਾ ਸਟਾਪੇਜ ਨਾ ਹੋਣ ਕਾਰਨ ਰੇਲ ਸ਼ੁਰੂ ਹੋਣ ਦੇ ਬਾਵਜੂਦ ਬਰਨਾਲਾ ਵਾਸੀਆਂ ਦੀ ਮੰਗ ਜਿਉਂ ਦੀ ਤਿਉਂ ਬਰਕਰਾਰ ਸੀ। ਉਹਨਾਂ ਦਲੀਲ ਦਿੱਤੀ ਸੀ ਕਿ ਬਰਨਾਲਾ ਸਟੇਸ਼ਨ ਸਿਰਫ ਬਰਨਾਲਾ ਜ਼ਿਲ੍ਹੇ ਨੂੰ ਹੀ ਨਹੀਂ ਸਗੋਂ ਚਾਰ ਗੁਆਂਢੀ ਜ਼ਿਲਿਆਂ ਦੇ ਵਸਨੀਕਾਂ ਲਈ ਵੀ ਰੇਲ ਸਫ਼ਰ ਉਤੇ ਆਉਣ-ਜਾਣ ਲਈ ਇਸਤੇਮਾਲ ਹੁੰਦਾ ਹੈ। ਇਸ ਲਈ ਸਟਾਪੇਜ ਦੀ ਮੰਗ ਬਹੁਤ ਤਰਕਸੰਗਤ ਸੀ ਜੋ ਹੁਣ ਪੂਰੀ ਹੋ ਗਈ। ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਮੀਤ ਹੇਅਰ ਨੇ ਕਿਹਾ ਸੀ ਕਿ ਜੇਕਰ ਵੰਦੇ ਭਾਰਤ ਟ੍ਰੇਨ ਦਾ ਸਟਾਪੇਜ ਬਰਨਾਲਾ ਵਿਖੇ ਸ਼ੁਰੂ ਨਹੀਂ ਕੀਤਾ ਜਾਂਦਾ, ਤਾਂ ਉਹ ਸੰਘਰਸ਼ ਦਾ ਰਾਹ ਅਪਣਾਉਣਗੇ। ਉਨ੍ਹਾਂ ਕਿਹਾ ਕਿ ਉਹ ਸੰਸਦ ਵਿੱਚ ਵੀ ਲਗਾਤਾਰ ਇਹ ਮੰਗ ਚੁੱਕਦੇ ਰਹੇ ਹਨ ਜਿਸ ਦੇ ਪੂਰਾ ਹੋਣ ਉੱਤੇ ਉਹ ਰੇਲ ਮੰਤਰਾਲੇ ਦਾ ਧੰਨਵਾਦ ਕਰਦੇ ਹਨ।

## ਜ਼ਿਲ੍ਹੇ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 'ਅਲਿਮਕੋ ਡਿਸਟ੍ਰੀਬਿਊਸ਼ਨ ਕੈਂਪ' 26 ਨੂੰ



ਬਰਨਾਲਾ, 20 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਹੂਲਤ ਲਈ 26 ਫਰਵਰੀ ਨੂੰ 'ਅਲਿਮਕੋ ਡਿਸਟ੍ਰੀਬਿਊਸ਼ਨ ਕੈਂਪ ਲਗਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੈਂਪ ਵਿੱਚ ਪਹਿਲੀ ਤੋਂ 12ਵੀਂ ਜਮਾਤ ਦੇ ਉਹਨਾਂ ਬੱਚਿਆਂ ਨੂੰ ਸਹਾਇਕ ਉਪਕਰਣ ਵੰਡੇ ਜਾਣਗੇ, ਜਿਨ੍ਹਾਂ ਦੀ ਅਸੈਸਮੈਂਟ ਸਾਲ 2021 ਦੇ ਕੈਂਪਾਂ ਦੌਰਾਨ ਕੀਤੀ ਗਈ ਸੀ। ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਮੈਡਮ ਇੰਦੂ ਸਿਮਕ ਨੇ ਦੱਸਿਆ ਕਿ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਨਿਰਦੇਸ਼ਾਂ ਤਹਿਤ ਇਹ ਕੈਂਪ 26 ਫਰਵਰੀ ਨੂੰ ਦੁਪਹਿਰ ਤੋਂ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਸੰਧੂ ਪੱਤੀ, ਸੰਘੇੜਾ ਚੌਕ ਬਰਨਾਲਾ (ਬਰਨਾਲਾ ਅਤੇ ਮਹਿਲ ਕਲਾਂ ਲਈ) ਅਤੇ ਦੁਪਹਿਰ ਤੋਂ ਬਾਅਦ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ਹਿਣਾ (ਮੁੰਡੇ) ਵਿੱਚ ਬਲਾਕ ਸ਼ਹਿਣਾ ਲਈ ਲਗਾਇਆ ਜਾਵੇਗਾ, ਜਿੱਥੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਲਾਭ ਦਿੱਤਾ ਜਾਵੇਗਾ। ਉਨ੍ਹਾਂ ਸਬੰਧਤ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਮਿੱਥੇ ਸਮੇਂ ਅਨੁਸਾਰ ਕੈਂਪਾਂ ਵਿੱਚ ਪਹੁੰਚ ਕੇ ਇਹਨਾਂ ਸਹਾਇਕ ਉਪਕਰਣਾਂ ਦਾ ਲਾਭ ਉਠਾਉਣ ਤਾਂ ਜੋ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਜੀਵਨ ਨੂੰ ਸੁਖਾਲਾ ਬਣਾਇਆ ਜਾ ਸਕੇ।

## ਡੇਅਰੀ ਵਿਕਾਸ ਵਿਭਾਗ ਵੱਲੋਂ ਐਸ.ਸੀ. ਸ਼੍ਰੇਣੀ ਦੇ ਲਾਭਪਾਤਰੀਆਂ ਲਈ 4 ਹਫ਼ਤੇ ਦਾ ਸਿਖ਼ਲਾਈ ਬੈਚ ਸ਼ੁਰੂ

ਬਰਨਾਲਾ, 20 ਫਰਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਸਰਕਾਰ ਦੇ ਡੇਅਰੀ ਵਿਕਾਸ ਵਿਭਾਗ ਵੱਲੋਂ ਖੇਤੀਬਾੜੀ ਅਤੇ ਡੇਅਰੀ ਵਿਕਾਸ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਸ੍ਰੀ ਵਰਿਆਮ ਸਿੰਘ ਦੀ ਅਗਵਾਈ ਹੇਠ ਅਨੁਸੂਚਿਤ ਸ਼੍ਰੇਣੀਆਂ ਦੇ ਸਿਖਿਆਰਥੀਆਂ ਲਈ 4 ਹਫ਼ਤੇ ਸਿਖਲਾਈ ਦਾ ਬੈਚ ਮਿਤੀ 23 ਫਰਵਰੀ 2026 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਰਨਾਲਾ ਦੇ ਸਿਖਿਆਰਥੀ ਡੇਅਰੀ ਸਿਖਲਾਈ ਕੇਂਦਰ ਸੰਗਰੂਰ ਅਤੇ ਗਿੱਲ (ਮੋਗਾ) ਵਿਖੇ ਟ੍ਰੇਨਿੰਗ ਕਰ ਸਕਦੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਬਰਨਾਲਾ ਸ੍ਰੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਐਨ.ਐੱਲ.ਐਮ ਸਕੀਮ (ਕੇਂਦਰੀ ਪ੍ਰੋਜਿਤ ਸਕੀਮ) ਅਧੀਨ ਚਲਾਏ ਜਾਣ ਵਾਲੇ ਬੈਚ ਵਿੱਚ ਟ੍ਰੇਨਿੰਗ 'ਚ ਭਾਗ ਲੈਣ ਵਾਲਾ ਸਿਖਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ, ਪੇਂਡੂ ਖੇਤਰ ਦਾ ਵਸਨੀਕ ਹੋਵੇ, ਘੱਟੋ-ਘੱਟ ਦਸਵੀਂ ਪਾਸ ਹੋਵੇ, ਉਮਰ 18 ਸਾਲ ਤੋਂ ਵੱਧ ਹੋਵੇ ਅਤੇ 55 ਸਾਲ ਤੋਂ ਘੱਟ ਹੋਵੇ। ਉਨ੍ਹਾਂ ਦੱਸਿਆ ਕਿ ਚਾਹਵਾਨ ਸਿਖਿਆਰਥੀ ਆਪਣੇ ਦਸਤਾਵੇਜ਼ ਜਿਵੇਂ ਯੋਗਤਾ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ 1 ਪਾਸਪੋਰਟ ਸਾਇਜ਼ ਫ਼ੋਟੋ ਲੈ ਕੇ ਦਫ਼ਤਰ @ਚ ਆਉਣ। ਉਨ੍ਹਾਂ ਹੋਰ ਦਸਿਆ ਕਿ ਇਸ ਵਿਚ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਵ, ਖਾਦ ਖੁਰਾਕ, ਨਸਲ ਸੁਧਾਰ, ਸਾਂਭ ਸੰਭਾਲ ਅਤੇ ਸੁੱਚਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਭਾਗ ਲੈਣ ਵਾਲੇ ਐਸ.ਸੀ. ਸਿਖਿਆਰਥੀਆਂ ਨੂੰ ਕੇਂਦਰੀ ਸਕੀਮ ਦੀਆਂ ਸ਼ਰਤਾਂ ਪੂਰੀਆਂ ਕਰਨ ਅਨੁਸਾਰ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ ਅਤੇ ਉਨ੍ਹਾਂ ਦਾ ਡੇਅਰੀ ਯੂਨਿਟ 2,5,10 ਪਸ਼ੂਆਂ ਤੱਕ ਬਣਾਉਣ 'ਤੇ 33% ਸਬਸਿਡੀ ਵੀ ਦਿਤੀ ਜਾਵੇਗੀ। ਉਨ੍ਹਾਂ ਸਮੂਹ ਚਾਹਵਾਨ ਐਸ.ਸੀ ਸਿਖਿਆਰਥੀ/ਦੁੱਧ ਉਤਪਾਦਕਾਂ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਆਪਣੇ ਆਪ ਨੂੰ ਇਸ ਸਿਖਲਾਈ ਪ੍ਰੋਗਰਾਮ ਵਿਚ ਦਾਖਲ ਕਰਵਾ ਕੇ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੇਵਲ ਨਸ਼ਾ ਮੁਕਤੀ ਤੱਕ ਸੀਮਿਤ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਸਿਹਤਮੰਦ ਜੀਵਨ ਵੱਲ ਮੋੜਨ ਲਈ ਇੱਕ ਮਜ਼ਬੂਤ ਕਦਮ: ਐਸ.ਐਮ.ਓ.



ਧਨੌਲਾ, 20 ਫ਼ਰਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਸਰਕਾਰ ਦੀ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੇ ਪਹਿਲੇ ਪੜ੍ਹਾਅ ਦੀ ਕਾਮਯਾਬੀ ਤੋਂ ਬਾਅਦ ਹਾਲ ਹੀ ਵਿੱਚ ਮੋਗਾ ਵਿਖੇ ਹੋਈ ਇਤਿਹਾਸਕ ਰੈਲੀ ਨਾਲ ਦੂਜੇ ਪੜ੍ਹਾਅ ਦੀ ਸ਼ੁਰੂਆਤ ਹੋ ਗਈ ਹੈ। ਇਸ ਨੂੰ ਸਫ਼ਲ ਬਣਾਉਣ ਲਈ ਸਿਹਤ ਵਿਭਾਗ ਵੀ ਪਹਿਲਾਂ ਨਾਲੋਂ ਵਧੇਰੇ ਸਰਗਰਮ ਹੋ ਗਿਆ ਹੈ। ਸਿਵਲ ਸਰਜਨ ਬਰਨਾਲਾ ਡਾ. ਹਰੀ ਪਾਲ ਸਿੱਧੂ ਦੇ ਹੁਕਮਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਅਤੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਵੱਲੋਂ ਜ਼ਿਲ੍ਹੇ ਅੰਦਰ ਸਮੇਂ-ਸਮੇਂ 'ਤੇ ਪਿੰਡਾਂ ਦੇ ਪਹਿਰੇਦਾਰਾਂ ਨਾਲ ਮਿਲ ਕੇ ਲੋਕਾਂ ਨੂੰ ਇੱਕਜੁੱਟ ਹੋਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾ ਸਕੇ ਅਤੇ ਸਮਾਜ ਨੂੰ ਇਸ ਭਿਆਨਕ ਬਿਮਾਰੀ ਤੋਂ ਬਚਾਇਆ ਜਾ ਸਕੇ। ਸੀ.ਐੱਚ.ਸੀ ਧਨੌਲਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਵੰਤ ਸਿੰਘ ਔਜਲਾ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੇਵਲ ਨਸ਼ਾ ਮੁਕਤੀ ਤੱਕ ਹੀ ਸੀਮਿਤ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਸਿਹਤਮੰਦ ਜੀਵਨ ਵੱਲ ਮੋੜਨ ਲਈ ਇੱਕ ਮਜ਼ਬੂਤ ਕਦਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਵੀ.ਡੀ.ਸੀ (ਵਿਲੇਜ ਡਿਫੈਂਸ ਕਮੇਟੀ) ਦੇ ਮੈਂਬਰ ਆਪਣੇ-ਆਪਣੇ ਪਿੰਡਾਂ ਵਿੱਚ ਨਸ਼ਾ ਕਰਨ ਵਾਲ਼ੇ ਵਿਅਕਤੀਆਂ ਅਤੇ ਨਸ਼ਾ ਵੇਚਣ ਵਾਲ਼ੇ ਤਸਕਰਾਂ 'ਤੇ ਨਜ਼ਰ ਰੱਖਣ ਅਤੇ ਇਸ ਬਾਰੇ ਕੋਈ ਵੀ ਜਾਣਕਾਰੀ ਮਿਲਣ 'ਤੇ 97791-00200 ਨੰਬਰ 'ਤੇ ਸੂਚਨਾ ਦੇਣ ਲਈ ਪ੍ਰੇਰਿਤ ਕਰਨ। ਇਸ ਨੰਬਰ 'ਤੇ ਮੈਸੇਜ ਭੇਜ ਕੇ ਸੂਚਨਾ ਦੇਣ ਵਾਲ਼ੇ ਦੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਅਤੇ ਸਰਕਾਰ ਵੱਲੋਂ ਇਸ ਮੁਹਿੰਮ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਵਿਅਕਤੀ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਡਾ. ਔਜਲਾ ਨੇ ਦੱਸਿਆ ਕਿ ਸੀ.ਐੱਚ.ਸੀ ਧਨੌਲਾ ਤੋਂ ਇਲਾਵਾ ਪਿੰਡ ਹਮੀਦੀ ਅਤੇ ਰੂੜੇਕੇ ਕਲਾਂ ਵਿਖੇ ਚੱਲ ਰਹੇ ਓਟ ਕਲੀਨਿਕ ਵਿੱਚ ਨਸ਼ਾ ਛੱਡਣ ਦੇ ਚਾਹਵਾਨ ਨੌਜਵਾਨਾਂ ਨੂੰ ਨਸ਼ਾ ਛੱਡਣ ਦੀ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ ਅਤੇ ਕਾਉਂਸਲਿੰਗ ਕਰ ਕੇ ਨਸ਼ੇ ਦੀ ਦਲਦਲ ਵਿਚ ਫ਼ਸੇ ਨੌਜਵਾਨਾਂ ਨੂੰ ਨਸ਼ਾ ਛੱਡਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਓਟ ਕਾਉਂਸਲਰ ਗੋਬਿੰਦ ਸਿੰਘ ਨੇ ਦੱਸਿਆ ਕਿ ਸੀ.ਐੱਚ.ਸੀ ਧਨੌਲਾ ਵਿਖੇ ਡੇਢ ਹਜ਼ਾਰ ਤੋਂ ਵੱਧ ਮਰੀਜ਼ ਰਜਿਸਟਰਡ ਹਨ ਜੋ ਪੰਜਾਬ ਦੇ ਕਿਸੇ ਵੀ ਕੋਨੇ @ਚੋਂ ਦਵਾਈ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸੀ.ਐੱਚ.ਸੀ ਵਿੱਚ ਰੋਜ਼ਾਨਾ 450 ਤੋਂ 500 ਮਰੀਜ਼ ਨਸ਼ਾ ਛੱਡਣ ਦੀ ਦਵਾਈ ਲੈਣ ਆਉਂਦੇ ਹਨ ਅਤੇ ਇਸ ਤੋਂ ਇਲਾਵਾ ਉਹ ਸਟਾਫ਼ ਨਰਸ ਰੋਮਨਜੀਤ ਸਿੰਘ ਨਾਲ ਮਿਲ ਕੇ ਨਸ਼ੇ ਦੇ ਆਦੀ ਹੋਰ ਨੌਜਵਾਨਾਂ ਦੀ ਕਾਉਂਸਲਿੰਗ ਕਰ ਕੇ ਉਨ੍ਹਾਂ ਨੂੰ ਵੀ ਨਸ਼ਾ ਛੱਡਣ ਲਈ ਪ੍ਰੇਰਿਤ ਕਰਦੇ ਹਨ।

## ਵਾਈ.ਐਸ. ਪਬਲਿਕ ਸਕੂਲ ਵੱਲੋਂ ਪੇਪਰਾਂ ਦੇ ਤਣਾਅ ਨਾਲ ਕਿਵੇਂ ਨਜਿੱਠੀਏ ਵਿਸ਼ੇ 'ਤੇ ਵਰਕਸ਼ਾਪ



ਬਰਨਾਲਾ, 20 ਫਰਵਰੀ (ਹਮੀਰ ਸਿੰਘ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ਾਮਲ ਵਾਈਐਸ ਪਬਲਿਕ ਸਕੂਲ ਵੱਲੋਂ ਕਲਾਸ ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ 'ਪੇਪਰਾਂ ਦੇ ਤਣਾਅ ਨਾਲ ਕਿਵੇਂ ਨਜਿੱਠੀਏ' ਵਿਸ਼ੇ 'ਤੇ ਇੱਕ ਜਾਣਕਾਰੀਭਰਪੂਰ ਵਰਕਸ਼ਾਪ ਕਰਵਾਈ ਗਈ। ਇਹ ਉਪਰਾਲਾ ਸਕੂਲ ਦੀ ਅਕਾਦਮਿਕ ਉੱਤਮਤਾ ਦੇ ਨਾਲ-ਨਾਲ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਸਮੁੱਚੇ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਵਰਕਸ਼ਾਪ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਆਏ ਸ਼੍ਰੀ ਗੌਰਵ ਬਾਲੀ ਵੱਲੋਂ ਸੰਚਾਲਿਤ ਕੀਤੀ ਗਈ। ਸੈਸ਼ਨ ਖੁੱਲ੍ਹਾ, ਰੁਚਿਕਰ ਅਤੇ ਬਹੁਤ ਹੀ ਇੰਟਰੈਕਟਿਵ ਰਿਹਾ। ਵਿਦਿਆਰਥੀਆਂ ਨੂੰ ਆਪਣੇ ਪੇਪਰਾਂ ਦੀ ਤਿਆਰੀ ਨਾਲ ਸੰਬੰਧਿਤ ਅਨੁਭਵਾਂ ਅਤੇ ਮਾਨਸਿਕ-ਭਾਵਨਾਤਮਕ ਚਿੰਤਾਵਾਂ ਸਾਂਝੀਆਂ ਕਰਨ ਲਈ ਇੱਕ ਸੁਰੱਖਿਅਤ ਮੰਚ ਪ੍ਰਦਾਨ ਕੀਤਾ ਗਿਆ। ਸ਼੍ਰੀ ਬਾਲੀ ਨੇ ਵਿਦਿਆਰਥੀਆਂ ਨੂੰ ਪੇਪਰਾਂ ਦੌਰਾਨ ਸ਼ਾਂਤ, ਸਕਾਰਾਤਮਕ ਅਤੇ ਕੇਂਦਰਿਤ ਰਹਿਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਵੱਖ-ਵੱਖ ਗਤੀਵਿਧੀਆਂ ਅਤੇ ਅਰਥਪੂਰਨ ਚਰਚਾਵਾਂ ਰਾਹੀਂ ਉਨ੍ਹਾਂ ਨੇ ਤਣਾਅ ਪ੍ਰਬੰਧਨ ਦੀਆਂ ਵਿਹਾਰਕ ਤਕਨੀਕਾਂ ਅਤੇ ਮੁਸ਼ਕਲ ਸਮਿਆਂ ਦੌਰਾਨ ਭਾਵਨਾਤਮਕ ਸੰਤੁਲਨ ਬਣਾਈ ਰੱਖਣ ਦੇ ਢੰਗ ਸਿਖਾਏ। ਇਸ ਤੋਂ ਇਲਾਵਾ, ਐਲਪੀਯੂ ਤੋਂ ਆਏ ਸ਼੍ਰੀ ਵਰੁਣ ਨੀਅਰ ਨੇ ਜਮਾਤ ਦਸਵੀਂ ਦੇ ਵਿਦਿਆਰਥੀਆਂ ਨਾਲ ਵਿਸ਼ੇਸ਼ ਸੰਵਾਦ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਅਤੇ ਵੱਖ-ਵੱਖ ਕਰੀਅਰ ਮੌਕਿਆਂ ਬਾਰੇ ਪ੍ਰੇਰਣਾਦਾਇਕ ਚਰਚਾ ਕੀਤੀ। ਉਨ੍ਹਾਂ ਦਾ ਸੈਸ਼ਨ ਉਤਸ਼ਾਹਪੂਰਣ ਅਤੇ ਪ੍ਰੇਰਕ ਰਿਹਾ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਬਾਰੇ ਸਪਸ਼ਟਤਾ ਅਤੇ ਆਤਮ-ਵਿਸ਼ਵਾਸ ਪ੍ਰਾਪਤ ਹੋਇਆ। ਕੁੱਲ ਮਿਲਾ ਕੇ ਇਹ ਵਰਕਸ਼ਾਪ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਈ, ਜਿਸ ਨੇ ਉਨ੍ਹਾਂ ਨੂੰ ਹੌਸਲਾ ਅਫਜ਼ਾਈ ਅਤੇ ਪ੍ਰੇਰਣਾਦਾਇਕ ਵਾਤਾਵਰਨ ਵਿੱਚ ਪਰੀਖਿਆ ਲਈ ਤਿਆਰ ਹੋਣ ਵਿੱਚ ਮਦਦ ਕੀਤੀ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮੋਹਿਤ ਜਿੰਦਲ ਨੇ ਕਿਹਾ, 'ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਪੂਰਾ ਵਿਸ਼ਵਾਸ ਰੱਖਦੇ ਹਾਂ ਕਿ ਅਕਾਦਮਿਕ ਸਫਲਤਾ ਅਤੇ ਭਾਵਨਾਤਮਕ ਤੰਦਰੁਸਤੀ ਇਕੱਠੇ ਚੱਲਦੇ ਹਨ। ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਵਿਦਿਆਰਥੀਆਂ ਨੂੰ ਸਹੀ ਸੋਚ, ਹਿੰਮਤ ਅਤੇ ਆਤਮ-ਵਿਸ਼ਵਾਸ ਪ੍ਰਦਾਨ ਕਰਦੀਆਂ ਹਨ, ਤਾਂ ਜੋ ਉਹ ਪੇਪਰਾਂ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਕਾਰਾਤਮਕ ਢੰਗ ਨਾਲ ਸਾਹਮਣਾ ਕਰ ਸਕਣ। ਸਾਡਾ ਉਦੇਸ਼ ਸਿਰਫ਼ ਹੋਸ਼ਿਆਰ ਵਿਦਿਆਰਥੀ ਤਿਆਰ ਕਰਨਾ ਹੀ ਨਹੀਂ, ਸਗੋਂ ਮਾਨਸਿਕ ਤੌਰ 'ਤੇ ਮਜ਼ਬੂਤ ਵਿਅਕਤਿਤਵ ਵਿਕਸਿਤ ਕਰਨਾ ਵੀ ਹੈ।

## ਨਿਊ ਲਿਟਰੇਸੀ ਇੰਡੀਆ ਪ੍ਰੋਗਰਾਮ ਨਾਲ ਵਧੀ ਸਾਖ਼ਰਤਾ ਪ੍ਰਾਇਮਰੀ ਸਕੂਲ ਹਮੀਦੀ ਵਿਖੇ ਸਰਟੀਫ਼ਿਕੇਟ ਵੰਡ ਸਮਾਰੋਹ




ਬਰਨਾਲਾ, 20 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਮੁਹਿੰਮ ਦੇ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ ਵਿਖੇ ਸਾਖਰਤਾ ਪ੍ਰਾਪਤ ਕਰਨ ਵਾਲੇ 35 ਸਿਖਿਆਰਥੀਆਂ ਨੂੰ ਸਰਟੀਫ਼ਿਕੇਟ ਵੰਡਣ ਲਈ ਇਕ ਪ੍ਰਭਾਵਸ਼ਾਲੀ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਨੋਡਲ ਅਫਸਰ ਗੁਰਦੀਪ ਸਿੰਘ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਅਤੇ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਨੋਡਲ ਅਫਸਰ ਗੁਰਦੀਪ ਸਿੰਘ ਨੇ ਹਾਜ਼ਰ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਅਣਪੜ੍ਹ ਜਾਂ ਘੱਟ ਪੜ੍ਹੇ ਲੋਕਾਂ ਨੂੰ ਪੜ੍ਹਨਾ-ਲਿਖਣਾ ਅਤੇ ਗਿਣਤੀ ਦੇ ਬੁਨਿਆਦੀ ਗੁਣ ਸਿਖਾਏ ਜਾਂਦੇ ਹਨ ਅਤੇ ਆਤਮ ਨਿਰਭਰ ਬਣ ਸਕਦੇ ਹਨ। ਉਨ੍ਹਾਂ ਨੇ ਸਿਖਿਆਰਥੀਆਂ ਨੂੰ ਸਿੱਖਿਆ ਦੀ ਮਹੱਤਤਾ ਸਮਝਾਉਂਦਿਆਂ ਹੋਰ ਲੋਕਾਂ ਨੂੰ ਵੀ ਇਸ ਮੁਹਿੰਮ ਨਾਲ ਜੁੜਨ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ। ਮੁੱਖ ਅਧਿਆਪਕ ਅਸ਼ਵਨੀ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਭਾਰਤ ਸਰਕਾਰ ਦੀ ਇੱਕ ਮਹੱਤਵਪੂਰਨ ਪਹਿਲੂ ਹੈ, ਜਿਸ ਦਾ ਮੂਲ ਮਕਸਦ ਸਿਰਫ ਪੜ੍ਹਨਾ-ਲਿਖਣਾ ਸਿਖਾਉਣਾ ਹੀ ਨਹੀਂ, ਬਲਕਿ ਸਮਾਜ ਦੇ ਹਰ ਵਰਗ ਨੂੰ ਸਿੱਖਿਆ ਨਾਲ ਜੋੜ ਕੇ ਉਨ੍ਹਾਂ ਨੂੰ ਸਵੈ ਨਿਰਭਰ ਬਣਾਉਣਾ ਹੈ। ਬੁਨਿਆਦੀ ਸਾਖਰਤਾ ਨਾਲ ਵਿਅਕਤੀ ਵਿੱਚ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ ਅਤੇ ਉਹ ਆਪਣੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਹੋਰ ਜਾਗਰੂਕ ਹੁੰਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨੋਡਲ ਅਫਸਰ ਗੁਰਦੀਪ ਸਿੰਘ ਨੇ ਇਸ ਕਾਰਜ ਨੂੰ ਨੇਪਰੇ ਚਾੜਨ ਲਈ ਅਹਿਮ ਭੂਮਿਕਾ ਨਿਭਾਈ ਹੈ ਅਤੇ ਇਸ ਮੁਹਿੰਮ ਦੀ ਸਫਲਤਾ ਵਿੱਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸਕੂਲ ਦੇ ਅਧਿਆਪਕ ਮੈਡਮ ਜਸਪ੍ਰੀਤ ਕੌਰ, ਮੈਡਮ ਸਰਬਜੀਤ ਕੌਰ ਅਤੇ ਜਗਸੀਰ ਸਿੰਘ ਵੀ ਇਸ ਮੌਕੇ ਹਾਜ਼ਰ ਸਨ। ਜਿਨ੍ਹਾਂ ਸਿਖਿਆਰਥੀਆਂ ਨੇ ਪ੍ਰੀਖਿਆ ਪਾਸ ਕੀਤੀ, ਉਨ੍ਹਾਂ ਨੂੰ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਮਦਰ ਟੀਚਰ ਕ੍ਰੈਚ ਅਤੇ ਪ੍ਰੀ ਸਕੂਲ ਵਿੱਚ ਛੋਟੇ ਬੱਚਿਆਂ ਲਈ ਬੋਧਾਤਮਕ ਕੌਸਮੌਸ ਗਤੀਵਿਧੀ



ਬਰਨਾਲਾ, 20 ਫਰਵਰੀ (ਇਸ਼ੇਨ ਕੰਗ) : ਮਦਰ ਟੀਚਰ ਕ੍ਰੇਚ ਅਤੇ ਪ੍ਰੀ ਸਕੂਲ ਦੇ ਛੋਟੇ ਵਿਦਿਆਰਥੀਆਂ ਨੇ ਖੁਸ਼ੀ ਨਾਲ ਇੱਕ ਵਿਸ਼ੇਸ਼ ਬੋਧਾਤਮਕ ਕੌਸਮੌਸ ਗਤੀਵਿਧੀ ਵਿੱਚ ਹਿੱਸਾ ਲਿਆ, ਜਿੱਥੇ ਸਿੱਖਣਾ ਇੱਕ ਦਿਲਚਸਪ ਸਾਹਸ ਬਣ ਗਿਆ! ਦਿਨ ਦਿਲਚਸਪ ਗਣਿਤ ਅਤੇ EVS ਗਤੀਵਿਧੀਆਂ ਨਾਲ ਭਰਿਆ ਹੋਇਆ ਸੀ ਜੋ ਖਾਸ ਤੌਰ ਤੇ ਸਾਡੇ ਛੋਟੇ ਖੋਜੀਆਂ ਲਈ ਤਿਆਰ ਕੀਤੀਆਂ ਗਈਆਂ ਸਨ। ਵਿਦਿਆਰਥੀਆਂ ਨੇ ਹੱਥੀਂ ਗਤੀਵਿਧੀਆਂ ਅਤੇ ਸਿੱਖਣ ਸਮੱਗਰੀ ਰਾਹੀਂ ਗਿਣਤੀ, ਨੰਬਰ ਪਛਾਣ, ਆਕਾਰ ਛਾਂਟੀ ਅਤੇ ਸਧਾਰਨ ਜੋੜ ਦਾ ਅਭਿਆਸ ਕੀਤਾ। ਨੰਬਰ ਟਾਵਰ ਬਣਾਉਣ ਅਤੇ ਮੈਚਿੰਗ ਗੇਮਾਂ ਨੇ ਗਣਿਤ ਨੂੰ ਮਜ਼ੇਦਾਰ ਅਤੇ ਅਰਥਪੂਰਨ ਬਣਾਇਆ। ਬੱਚਿਆਂ ਨੇ ਕੁਦਰਤ, ਪੌਦਿਆਂ, ਜਾਨਵਰਾਂ ਅਤੇ ਸਾਡੇ ਵਾਤਾਵਰਣ ਨਾਲ ਸਬੰਧਤ ਸੰਕਲਪਾਂ ਦੀ ਪੜਚੋਲ ਕੀਤੀ। ਬੁਝਾਰਤ ਹੱਲ ਕਰਨ, ਪੈਟਰਨ ਬਣਾਉਣ ਅਤੇ ਮੈਚਿੰਗ ਗੇਮਾਂ ਨੇ ਉਨ੍ਹਾਂ ਦੇ ਬੋਧਾਤਮਕ ਹੁਨਰ, ਨਿਰੀਖਣ ਸ਼ਕਤੀ ਅਤੇ ਤਰਕਪੂਰਨ ਸੋਚ ਨੂੰ ਵਧਾਉਣ ਵਿੱਚ ਮਦਦ ਕੀਤੀ। ਸਾਡੇ ਨੌਜਵਾਨ ਦਿਮਾਗਾਂ ਨੂੰ ਸਰਗਰਮੀ ਨਾਲ ਹਿੱਸਾ ਲੈਂਦੇ, ਉਤਸੁਕਤਾ ਨਾਲ ਸਿੱਖਦੇ ਅਤੇ ਖੇਡ-ਅਧਾਰਤ ਸਿੱਖਿਆ ਦੁਆਰਾ ਮਜ਼ਬੂਤ ਨੀਂਹ ਬਣਾਉਂਦੇ ਦੇਖਣਾ ਬਹੁਤ ਵਧੀਆ ਸੀ।

## 3.25 ਕਰੋੜ ਦੀ ਲਾਗਤ ਨਾਲ ਸੰਘੇੜਾ ਬਾਈਪਾਸ ਦੀ ਮੁਰੰਮਤ ਦਾ ਕੰਮ ਸ਼ੁਰੂ : ਗੁਰਮੀਤ ਸਿੰਘ



ਬਰਨਾਲਾ, 20 ਫਰਵਰੀ (ਬਘੇਲ ਸਿੰਘ ਧਾਲੀਵਾਲ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੜੀ ਤਹਿਤ ਬਰਨਾਲਾ ਜ਼ਿਲ੍ਹੇ ਦੇ ਵਿਕਾਸ ਲਈ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਇਸ ਅਧੀਨ ਜ਼ਿਲ੍ਹਾ ਬਰਨਾਲਾ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸੜਕਾਂ ਦਾ ਕੰਮ ਚੱਲ ਰਿਹਾ ਹੈ। ਲੋਕ ਸਭਾ ਮੈਂਬਰ ਸੰਗਰੂਰ ਸ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਬਰਨਾਲਾ ਵਾਸੀਆਂ ਦੀ ਮੰਗ ਅਤੇ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਰਨਾਲਾ-ਬਾਜਾਖਾਨਾ ਰੋਡ ਤੋਂ ਬਰਨਾਲਾ-ਰਾਏਕੋਟ ਰੋਡ (ਸੰਘੇੜਾ ਬਾਈਪਾਸ) ਤੱਕ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ, ਜਿਸ ਉੱਤੇ 3.25 ਕਰੋੜ ਦੀ ਲਾਗਤ ਆਵੇਗੀ ਅਤੇ ਲਗਭੱਗ 3 ਮਹੀਨਿਆਂ ਵਿਚ ਇਹ ਕੰਮ ਪੂਰਾ ਹੋ ਜਾਵੇਗਾ। ਇਸ ਸੜਕ ਦੇ ਬਣਨ ਨਾਲ ਜਿੱਥੇ ਆਸ-ਪਾਸ ਦੇ ਇਲਾਕਿਆਂ ਦੀ ਆਵਾਜਾਈ ਸੁਖਾਲੀ ਹੋਵੇਗੀ, ਉੱਥੇ ਹੀ ਸੰਘੇੜਾ ਬਾਈਪਾਸ ਰਾਹੀਂ ਗੁਜ਼ਰਨ ਵਾਲੇ ਵਾਹਨਾਂ ਨੂੰ ਵੀ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਕਿ ਇਸ ਸੜਕ ਦੇ ਕੰਮ ਦੌਰਾਨ ਗੁਣਵੱਤਾ ਦਾ ਖ਼ਾਸ ਖਿਆਲ ਰੱਖਿਆ ਜਾਵੇ ਅਤੇ ਨਿਸ਼ਚਿਤ ਸਮੇਂ ਅੰਦਰ ਕੰਮ ਮੁਕੰਮਲ ਕੀਤਾ ਜਾਵੇ। ਉਨ੍ਹਾਂ ਦੱਸਿਆ ਗਿਆ ਕਿ ਇਸ ਸੜਕ ਦੀ ਕੁੱਲ ਲੰਬਾਈ 4.43 ਕਿੱਲੋਮੀਟਰ ਹੋਵੇਗੀ।

## ਚੌਥਾ ਹੌਲਦਾਰ ਅਜੀਤ ਸਿੰਘ ਯਾਦਗਾਰੀ ਐਵਾਰਡ ਸ਼ਾਇਰ ਗੁਰਭਜਨ ਸਿੰਘ ਗਿੱਲ ਨੂੰ ਦਿੱਤਾ



ਬਰਨਾਲਾ, 20 ਫਰਵਰੀ (ਹਮੀਰ ਸਿੰਘ) : ਪੱਖੋ ਕਲਾਂ ਹੌਲਦਾਰ ਅਜੀਤ ਸਿੰਘ ਯਾਦਗਾਰੀ ਸਾਹਿਤਕ ਟਰੱਸਟ ਪੱਖੋ ਕਲਾਂ ਵੱਲੋਂ ਉਨ੍ਹਾਂ ਦੀ ਯਾਦ ਵਿਚ ਸ਼ੁਰੂ ਕੀਤਾ ਚੌਥਾ ਯਾਦਗਾਰੀ ਐਵਾਰਡ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਭਜਨ ਸਿੰਘ ਗਿੱਲ ਨੂੰ ਭੇਟ ਕੀਤਾ ਗਿਆ, ਜਿਸ ਵਿਚ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ, ਗਰਮ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਸ਼ਾਮਿਲ ਸੀ। ਇਹ ਸਮਾਗਮ ਸੈਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਹੋਇਆ, ਜਿਸ ਵਿਚ ਟਰੱਸਟ ਦੇ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ ਨੇ ਟਰੱਸਟ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੜ੍ਹਦਿਆਂ ਕਿਹਾ ਕਿ ਇਹ ਅੱਜ ਚੌਥਾ ਐਵਾਰਡ ਸਮਾਰੋਹ ਹੈ। ਇਸ ਤੋਂ ਪਹਿਲਾਂ ਇਹ ਐਵਾਰਡ ਪੰਜਾਬੀ ਦੇ ਨਾਮਵਰ ਲੇਖਕ ਨਰਿੰਦਰ ਸਿੰਘ ਕਪੂਰ, ਪਦਮ ਸ਼੍ਰੀ ਸ਼ਾਇਰ ਸੁਰਜੀਤ ਪਾਤਰ, ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੂੰ ਦਿੱਤਾ ਜਾ ਚੁੱਕਿਆ ਹੈ। ਟਰੱਸਟ ਸਮੇਂ ਸਮੇਂ ਸਿਰ ਪ੍ਰਮੁੱਖ ਲੇਖਕਾਂ ਦੇ ਲੈਕਚਰ ਕਰਵਾਉਂਦਾ ਰਹਿੰਦਾ ਹੈ ਤਾਂ ਕਿ ਵਿਦਿਆਰਥੀਆਂ ਦਾ ਮਾਨਸਿਕ ਅਤੇ ਵਿਦਿਅਕ ਵਿਕਾਸ ਹੋ ਸਕੇ। ਭਵਿੱਖ ਵਿਚ ਵੀ ਅਜਿਹੇ ਅਮੁੱਲੇ ਕਾਰਜ ਕਰਵਾਏ ਜਾਂਦੇ ਰਹਿਣਗੇ। ਇਸ ਮੌਕੇ ਬੋਲਦਿਆਂ ਪੰਜਾਬੀ ਸਾਹਿਤ ਸਭਾ ਬਰਨਾਲਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਵਿਦਿਆਦਾਨੀ ਹੌਲਦਾਰ ਅਜੀਤ ਸਿੰਘ ਪੱਖੋ ਕਹਾਣੀਕਾਰ ਅਤੇ ਰਾਜਸੀ ਸ਼ਖ਼ਸੀਅਤ ਸਨ। ਉਹ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਪਿੰਡ ਪੱਖੋ ਵਿਚ ਸਾਹਿਤ ਸਭਾ ਵੀ ਬਣਾਈ ਹੋਈ ਸੀ ਜੋ ਉਨ੍ਹਾਂ ਦੇ ਜੀਵਤ ਰਹਿਣ ਤੱਕ ਸਾਹਿਤਕ ਸਮਾਗਮ ਅਤੇ ਹਰ ਸਾਲ ਅੱਖਾਂ ਦੇ ਵਿਸ਼ਾਲ ਕੈਂਪ ਆਯੋਜਤ ਕਰਦੀ ਰਹੀ। ਹੁਣ ਇਸ ਪਿਰਤ ਨੂੰ ਉਨ੍ਹਾਂ ਦੇ ਫਰਜ਼ੰਦ ਰਵਿੰਦਰਜੀਤ ਸਿੰਘ ਬਿੰਦੀ ਜ਼ਾਰੀ ਰੱਖ ਰਹੇ ਹਨ। ਟਰੱਸਟ ਦੇ ਜਨਰਲ ਸਕੱਤਰ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਮੈਂਬਰ ਗਵਰਨਿੰਗ ਕੌਂਸਲ ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ ਹੌਲਦਾਰ ਅਜੀਤ ਸਿੰਘ ਪੱਖੋ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਅੱਜ ਦੀ ਸਨਮਾਨਿਤ ਸ਼ਖ਼ਸੀਅਤ ਗੁਰਭਜਨ ਸਿੰਘ ਗਿੱਲ ਪ੍ਰੋ ਮੋਹਨ ਸਿੰਘ ਫਾਊਂਡੇਸ਼ਨ ਲੁਧਿਆਣਾ ਦੇ ਮੋਢੀਆਂ ਵਿਚੋਂ ਹਨ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਦਾ ਝੰਡਾ ਖਾੜਕੂਵਾਦ ਵੇਲ਼ੇ ਵੀ ਬੁਲੰਦ ਰੱਖਿਆ। ਪ੍ਰੋ ਗਿੱਲ ਨੂੰ ਸਨਮਾਨਿਤ ਕਰਨ ਦੀ ਰਸਮ ਟਰੱਸਟ ਤੇ ਸਕੂਲ ਦੇ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ ਨੇ ਨਿਭਾਈ ਤੇ ਟਰੱਸਟੀ ਸਾਗਰ ਸਿੰਘ ਖੀਪਲ ਨੇ ਨਿਭਾਈ। ਉਨ੍ਹਾਂ ਦਾ ਸਾਥ ਪ੍ਰਧਾਨਗੀ ਮੰਡਲ ਨੇ ਵੀ ਦਿੱਤਾ। ਸਨਮਾਨਿਤ ਹੋਣ ਉਪਰੰਤ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਪੰਜਾਬੀ ਮਾਂ ਦਿਵਸ ਵੀ ਆ ਰਿਹਾ ਹੈ।

## ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ 'ਚ ਇਕੱਠੇ ਹੋਣ 'ਤੇ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ

ਬਰਨਾਲਾ, 20 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ਼੍ਰੀ ਹਰਪ੍ਰੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ @ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮ ਅਨੁਸਾਰ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦੇ ਪੱਤਰ ਅਨੁਸਾਰ ਸੀਬੀਐਸਸੀ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਫਰਵਰੀ/ਮਾਰਚ 2026 ਦੀਆਂ ਸਾਲਾਨਾ ਪ੍ਰੀਖਿਆਵਾਂ ਮਿਤੀ 11 ਅਪ੍ਰੈਲ 2026 ਤੱਕ ਕਰਵਾਈਆਂ ਜਾ ਰਹੀਆਂ ਹਨ। ਇਹ ਹੁਕਮ 11 ਅਪ੍ਰੈਲ 2026 ਤੱਕ ਲਾਗੂ ਰਹਿਣਗੇ।

## ਬਾਬਾ ਲੇਖ ਰਾਮ ਭਦੌੜ ਵਾਲਿਆਂ ਦੀ 56ਵੀਂ ਬਰਸੀ ਮਨਾਈ



ਭਦੌੜ, 20 ਫਰਵਰੀ (ਸੁਖਵਿੰਦਰ ਪਲਾਹਾ) : ਸੰਤ ਬਾਬਾ ਲੇਖ ਰਾਮ ਜੀ ਝਾਹਿਆਂ ਵਾਲੀ ਵਾਲਿਆਂ ਦੀ 56ਵੀਂ ਬਰਸੀ ਬੜੀ ਸ਼ਰਧਾ ਤੇ ਧੂਮ -ਧਾਮ ਨਾਲ ਅੱਜ ਡੇਰਾ ਚਾਹਾ ਵਾਲੀ ਵਿਖੇ ਮਨਾਈ ਗਈ। ਡੇਰਾ ਝਾਹਿਆਂ ਵਾਲੀ ਪ੍ਰਬੰਧ ਕਮੇਟੀ ਦੇ ਪ੍ਰਧਾਨ ਬੇਅੰਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਤੱਕ 158 ਅਖੰਡ ਪਾਠਾਂ ਦੇ ਭੋਗ ਪਾਏ ਜਾ ਚੁੱਕੇ ਹਨ ਅਤੇ ਜੋ ਅਖੰਡ ਪਾਠ ਰਹਿ ਗਏ ਹਨ, ਉਹਨਾਂ ਦੇ ਭੋਗ ਅਗਲੀ ਸ਼ਿਫਟ ਵਿੱਚ ਦੇ ਭੋਗ ਪਾਏ ਜਾਣਗੇ। ਉਹਨਾਂ ਜਾਣਕਾਰੀ ਦਿੰਦੇ ਦੱਸਿਆ ਕਿ ਹਰ ਰੋਜ਼ ਨੌਂ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਜਾਂਦੇ ਹਨ ਅਤੇ ਤੀਜੇ ਦਿਨ ਉਹਨਾਂ ਦੇ ਗੁਰ ਮਰਿਯਾਦਾ ਅਨੁਸਾਰ ਭੋਗ ਪਾਏ ਜਾਂਦੇ ਹਨ। ਉਹਨਾਂ ਦੱਸਿਆ ਕਿ 18 ਤਰੀਕ ਨੂੰ ਭਾਈ ਰਾਜਵੀਰ ਸਿੰਘ ਜੱਥਾ ਮਸਤੂਆਣਾ ਸਾਹਿਬ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਰੈਣ ਸਬਾਈ ਕੀਰਤਨ ਸਰਵਣ ਕਰਵਾਇਆ ਅਤੇ 19 ਫਰਵਰੀ ਨੂੰ ਭਾਈ ਕੁਲਵੰਤ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੀਰਤਨੀ ਜਥ ਨੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਉਹਨਾਂ ਦੱਸਿਆ ਕਿ 20 ਫਰਵਰੀ ਦਿਨ ਸ਼ੁਕਰਵਾਰ ਨੂੰ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ ਭੋਗ ਪਾਏ ਗਏ ਅਤੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬੂਟਾ ਸਿੰਘ ਮੌੜਾ ਵਾਲੇ ਕੀਰਤਨੀ ਜਥੇ ਵੱਲੋਂ ਆਪਣੀ ਰਸਨਾ ਵਿੱਚੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਉਪਰੰਤ ਸੁਰਜੀਤ ਸਿੰਘ ਭਦੌੜ ਵਾਲੇ ਦੇ ਕਵਿਸਰੀ ਜੱਥੇ ਨੇ ਗੁਰੂ ਇਤਿਹਾਸ ਨਾਲ ਸੰਬੰਧਿਤ ਦੁਬਾਰਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤਪ ਅਸਥਾਨ ਸੰਤ ਬਾਬਾ ਭਾਨ ਸਿੰਘ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਚਮਕੌਰ ਸਿੰਘ ਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਡੇਰਾ ਝਾਹਿਆਂ ਵਾਲੀ ਪ੍ਰਬੰਧ ਕਮੇਟੀ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਸ਼ਹਿਰ 'ਚ ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ



ਤਪਾ ਮੰਡੀ, 20 ਫਰਵਰੀ (ਰਾਜੂ ਮਹਿਰਾ) : ਆਮ ਆਦਮੀ ਪਾਰਟੀ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਦੀ ਰਹਿਨੁਮਾਈ ਹੇਠ ਜਿਥੇ ਸ਼ਹਿਰ ਦੇ ਵਿਕਾਸ ਕਾਰਜ ਨਿਰਵਿਘਨ ਚੱਲ ਰਹੇ ਹਨ। ਉੱਥੇ ਨਗਰ ਕੌਂਸਲ ਤਪਾ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ ਅਤੇ ਨਗਰ ਕੌਂਸਲ ਪ੍ਰਧਾਨ ਡਾ: ਸੋਨਿਕਾ ਬਾਂਸਲ ਦੇ ਪਤੀ ਡਾ: ਬਾਲ ਚੰਦ ਬਾਂਸਲ ਵੱਲੋਂ ਵਾਰਡ ਵਾਰਡ ਜਾ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਜਾ ਰਹੀਆਂ ਹਨ, ਜਿਨਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਉਹਨਾਂ ਵੱਲੋਂ ਵਾਰਡ ਨੰਬਰ ਸੱਤ ਅਤੇ ਅੱਠ ਵਿਚ ਜਾ ਕੇ ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਸਬੰਧੀ ਗੱਲਬਾਤ ਕਰਦਿਆਂ ਨਗਰ ਕੌਂਸਲ ਤਪਾ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ ਅਤੇ ਨਗਰ ਕੌਂਸਲ ਪ੍ਰਧਾਨ ਡਾ: ਸੋਨਿਕਾ ਬਾਂਸਲ ਦੇ ਪਤੀ ਡਾ: ਬਾਲ ਚੰਦ ਬਾਂਸਲ ਨੇ ਕਿਹਾ ਕਿ ਉਨ੍ਹਾਂ ਵਲੋਂ ਲੋਕਾਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਜਾ ਰਹੀਆਂ ਹਨ ਅਤੇ ਹਲਕਾ ਵਿਧਾਇਕ ਦੇ ਧਿਆਨ ਵਿਚ ਲਿਆ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਵਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵਾਰਡ ਵਾਸੀਆਂ ਵੱਲੋਂ ਗਲੀਆਂ ਨਾਲੀਆਂ ਦੀ ਸਫਾਈ, ਸੀਵਰੇਜ, ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਆਦਿ ਸਬੰਧੀ ਮੁਸ਼ਕਿਲਾਂ ਉਨਾਂ ਦੇ ਧਿਆਨ ਵਿਚ ਲਿਆਂਦੀਆਂ ਹਨ, ਜਿਨਾਂ ਨੂੰ ਜਲਦ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ਦੀ ਹਮੇਸ਼ਾ ਇਹੀ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਨਾਲ ਵੱਧ-ਵੱਧ ਤੋਂ ਸੰਪਰਕ ਬਣਾ ਤੇ ਉਨਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ ਅਤੇ ਹਲਕੇ ਅੰਦਰ ਅਤੇ ਖਾਸ ਕਰਕੇ ਤਪਾ ਸ਼ਹਿਰ ਅੰਦਰ ਵੱਧ ਤੋਂ ਵੱਧ ਵਿਕਾਸ ਕੰਮ ਕਰਵਾਏ ਜਾਣ। ਡਾ: ਬਾਲ ਚੰਦ ਬਾਂਸਲ ਨੇ ਕਿਹਾ ਕਿ ਤਪਾ ਸ਼ਹਿਰ ਤਰੱਕੀ ਦੀਆਂ ਰਾਹਾਂ @ਤੇ ਹੈ ਅਤੇ ਲੋਕ ਹਿੱਤ ਵਿਚ ਇਤਿਹਾਸਕ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਵਿਕਾਸ ਕਾਰਜ ਨਿਰੰਤਰ ਜਾਰੀ ਹਨ।

## ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫ਼ੇਅਰ ਕਲੱਬ ਦਾ ਰਾਜ-ਪੱਧਰੀ ਅਕਾਦਮਿਕ ਅਤੇ ਖੇਡ ਪੁਰਸਕਾਰ ਸਮਾਰੋਹ ਭਲਕੇ



ਬਰਨਾਲਾ, 20 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ (ਰਜਿ.), ਬਰਨਾਲਾ ਦਾ 26ਵਾਂ ਰਾਜ-ਪੱਧਰੀ ਅਕਾਦਮਿਕ ਅਤੇ ਖੇਡ ਪੁਰਸਕਾਰ ਸਮਾਰੋਹ 22 ਫਰਵਰੀ ਨੂੰ ਹੋਵੇਗਾ। ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ ਦੇ ਪ੍ਰਧਾਨ ਵਿਨੋਦ ਸ਼ਰਮਾ, ਸਰਪ੍ਰਸਤ ਰਾਮਪਾਲ ਸਿੰਗਲਾ ਅਤੇ ਚੇਅਰਮੈਨ ਸੁਭਾਸ਼ ਮਿੱਤਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦਾ ਕਲੱਬ 22 ਫਰਵਰੀ ਨੂੰ ਰਾਇਲ ਗ੍ਰੀਨ ਪੈਲੇਸ, ਧਨੌਲਾ ਰੋਡ, ਬਰਨਾਲਾ ਵਿਖੇ ਇਸ ਸਮਾਗਮ ਦਾ ਆਯੋਜਨ ਬਹੁਤ ਧੂਮਧਾਮ ਨਾਲ ਕਰ ਰਿਹਾ ਹੈ। ਪੂਰੇ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨ ਲਈ ਇੱਕ ਮੀਟਿੰਗ ਕੀਤੀ ਗਈ। ਕਲੱਬ ਦੇ ਜਨਰਲ ਸਕੱਤਰ ਹਰੀਸ਼ ਬਾਂਸਲ, ਪੀਆਰਓ ਰਾਜਿੰਦਰ ਰਿੰਪੀ ਅਤੇ ਪ੍ਰੋਜੈਕਟ ਚੇਅਰਮੈਨ ਸੰਜੀਵ ਸ਼ਰਮਾ ਨੇ ਦੱਸਿਆ ਕਿ ਸੰਗਰੂਰ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਇਸ ਸਮਾਗਮ ਵਿੱਚ ਪੁਰਸਕਾਰ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਪੰਜਾਬ ਭਰ ਤੋਂ 8ਵੀਂ, 10ਵੀਂ ਅਤੇ ਬੀ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਬਰਨਾਲਾ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਲਗਭਗ 250 ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾਂ ਨੇ 10ਵੀਂ ਅਤੇ 12ਵੀ ਜਮਾਤ ਵਿੱਚ 90% ਅੰਕ ਪ੍ਰਾਪਤ ਕੀਤੇ ਹਨ। ਇਸ ਸਮਾਗਮ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਖੇਡਾਂ ਵਿਚੋਂ ਤਗਮੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਖਿਡਾਰੀਆਂ ਨੂੰ ਵਿਸ਼ੇਸ਼ ਤਰੀਕੇ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਸਕੂਲ ਦੇ ਵਿਦਿਆਰਥੀ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕਰਨਗੇ। ਮੀਟਿੰਗ ਵਿੱਚ ਪਿਆਰਾ ਲਾਲ ਰਾਇਸਰ ਵਾਲੇ, ਦਿਨੇਸ਼ ਸਿੰਗਲਾ, ਰਾਕੇਸ਼ ਸਿੰਗਲਾ, ਸ਼ੀਤਲ ਬਜੀਦਕੇ, ਸੇਵਕ ਭੰਮ, ਰਾਜਵਿੰਦਰ ਪਟਵਾਰੀ, ਵਿਮਲ ਸ਼ਰਮਾ, ਰਜਿੰਦਰ ਕੁਮਾਰ, ਸੁਰੇਸ਼ ਭੋਤਨਾ, ਨਰਿੰਦਰ ਨੀਟੀ, ਰਵੀ ਜਿੰਦਲ, ਬੰਟੀ ਗਰੋਵਰ, ਅਸ਼ਵਨੀ ਮਦਾਨ ਆਦਿ ਮੌਜੂਦ ਸਨ।

## ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਮਾਜ ਸੇਵੀ ਔਰਤਾਂ ਦਾ ਹੋਵੇਗਾ ਸਨਮਾਨ



ਬਰਨਾਲਾ 20 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਦੇ ਮਹਿਲਾ ਵਿੰਗ ਵੱਲੋਂ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਮਾਜ ਸੇਵੀ ਔਰਤਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਬੋਲਦਿਆਂ ਮੁੱਖ ਸਰਪ੍ਰਸਤ ਨੀਰਜ ਬਾਲਾ ਦਾਨੀਆ, ਸਰਪ੍ਰਸਤ ਸੋਮਾ ਭੰਡਾਰੀ, ਬਬੀਤਾ ਜਿੰਦਲ ਪ੍ਰਧਾਨ ਮਹਿਲਾ ਵਿੰਗ, ਸਮਾਜ ਸੇਵੀ ਮੋਨਿਕਾ ਗਰਗ, ਸਮਾਜ ਸੇਵੀ ਸਪਨਾ ਗਰਗ, ਵਾਤਾਵਰਣ ਪ੍ਰੇਮੀ ਜੋਤੀ ਸ਼ਰਮਾ ਅਤੇ ਕਰਮਪਾਲ ਕੌਰ ਨੇ ਕਿਹਾ ਕਿ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਅਤੇ ਸਨਮਾਨ ਦੇ ਕੇ ਹੀ ਰਾਸ਼ਟਰ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨਾਂ ਨੇ ਵੀ ਔਰਤ ਅਤੇ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ ਹੈ ਅਤੇ ਭਾਰਤੀ ਸੰਵਿਧਾਨ ਅਨੁਸਾਰ ਵੀ ਔਰਤ ਅਤੇ ਪੁਰਸ਼ ਬਰਾਬਰ ਹਨ ਪ੍ਰੰਤੂ ਅਮਲੀਜਾਮਾ ਪਹਿਨਾਉਣ ਦੀ ਲੋੜ ਹੈ। ਅਜਿਹੇ ਉਪਰਾਲੇ ਕਰਨ ਨਾਲ ਸਮਾਜ ਵਿੱਚ ਹੋ ਰਹੀ ਕੰਨਿਆ ਭਰੂਣ ਹੱਤਿਆ ਅਤੇ ਹੋਰ ਬੁਰਾਈਆਂ ਵਿਰੁੱਧ ਲੋਕਾਂ ਚ ਜਾਗਰੂਕਤਾ ਪੈਦਾ ਹੋਵੇਗੀ ਅਤੇ ਲੋਕਾਂ ਦੀ ਸੋਚ ਚ ਯੁੱਗ ਪਲਟਾਊ ਤਬਦੀਲੀ ਆਵੇਗੀ। ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸਿਟੀਜਨ ਸੋਸਾਇਟੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ ਵੱਲੋਂ ਇਹ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰੈਸ ਨੂੰ ਇਹ ਜਾਣਕਾਰੀ ਮਹਿੰਦਰ ਪਾਲ ਗਰਗ, ਰਾਜੇਸ਼ ਭੁਟਾਨੀ, ਰਾਕੇਸ਼ ਗਰਗ, ਹਰਮਨਜੀਤ ਸਿੰਘ, ਰਾਕੇਸ਼ ਜਿੰਦਲ, ਜਗਸੀਰ ਸਿੰਘ ਮਾਛੀਕੇ ਨੇ ਦਿੱਤੀ।



# ਪਟਿਆਲਾ-ਆਸ/ਪਾਸ



# ਸਰਕਾਰ ਤੁਰੰਤ ਲਾਗੂ ਕਰੇ ਬੇਅਦਬੀ ਰੋਕੂ ਕਾਨੂੰਨ: ਭਾਈ ਗੁਰਪ੍ਰੀਤ ਸਿੰਘ

**➢ਸਰਬ ਧਰਮ ਬੇਅਦਬੀ ਰੋਕੂ ਮੋਟਰਸਾਈਕਲ ਮਾਰਚ ਕੱਢ ਕੇ ਦਿੱਤਾ ਮੰਗ ਪੱਤਰ**

ਸਮਾਣਾ, 20 ਫ਼ਰਵਰੀ (ਹਰਜਿੰਦਰ ਸਿੰਘ ਜਵੰਦਾ) : 509 ਦਿਨਾਂ ਤੋਂ ਸਮਾਣੇ ਦੇ 400 ਫੁੱਟ ਉੱਚੇ ਟਾਵਰ ਤੇ ਬੈਠੇ ਸੰਘਰਸ਼ ਕਰ ਰਹੇ ਭਾਈ ਗੁਰਜੀਤ ਸਿੰਘ ਦੇ ਹੱਕ ਵਿੱਚ ਗੁਰਦਾਸਪੁਰ ਸ਼ਹਿਰ ਅੰਦਰ ਕੱਢੇ ਗਏ ਸਰਬ ਧਰਮ ਬੇਅਦਬੀ ਰੋਕੋ ਮੋਟਰਸਾਈਕਲ ਮਾਰਚ ਦੌਰਾਨ ਖਾਲਸਾ ਪੰਥ ਅਤੇ ਸਨਾਤਨ ਧਰਮ ਦਾ ਸੁੰਦਰ ਸੁਮੇਲ ਦੇਖਣ ਨੂੰ ਮਿਲਿਆ, ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਇਲਾਕੇ ਦੇ ਹਿੰਦੂ-ਸਿੱਖ ਆਗੂਆਂ ਨੇ ਸ਼ਮੂਲੀਅਤ ਕੀਤੀ। ਸਮਾਣਾ ਟਾਵਰ ਮੋਰਚੇ ਦੇ ਕੋਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ ਦੀ ਅਗਵਾਈ ਅਤੇ ਜ਼ਿਲ੍ਹੇ ਦੀਆਂ ਧਾਰਮਿਕ ਅਤੇ ਕਿਸਾਨੀ ਜਥੇਬੰਦੀਆਂ ਦੇ ਭਰਵੇਂ ਸਹਿਯੋਗ ਨਾਲ ਗੁਰਦੁਆਰਾ ਸੰਤ ਬਾਬਾ ਟਹਿਲ ਸਿੰਘ ਤੋਂ ਆਰੰਭ ਹੋ ਕੇ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਗੁਜ਼ਰਦਾ ਹੋਇਆ ਮਾਈ ਕਾ ਤਾਲ ਮੰਦਰ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਲੰਗਰ ਛੱਕ ਕੇ ਡੀਸੀ ਦਫਤਰ ਵਿਖੇ ਸੰਪੂਰਨ ਹੋਇਆ। ਜਿੱਥੇ ਇਲਾਕੇ ਦੀਆਂ ਨਾਮਵਰ ਹਸਤੀਆਂ ਨੇ ਮਿਲ ਕੇ ਅਦਿਤਯ ਗੁਪਤਾ ਜੀਏ ਰਾਹੀਂ ਮੁੱਖ ਮੰਤਰੀ ਪੰਜਾਬ ਲਈ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਬੇਅਦਬੀਆਂ ਰੋਕੋ ਸਟੇਟ ਐਕਟ ਨੂੰ ਤੁਰੰਤ ਲਾਗੂ ਕਰਨ ਦੀ ਜੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਗਈ। ਇਸ ਮਾਰਚ ਵਿੱਚ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ, ਨਿਸ਼ਕਾਮ ਕੀਰਤਨੀ ਜਥੇ ਦੇ ਭਾਈ ਜੀਤ ਸਿੰਘ ਗੁਰਦਾਸਪੁਰ, ਭਾਈ ਦਿਲਬਾਗ ਸਿੰਘ ਬਟਾਲਾ, ਸ੍ਰੀ ਸਨਾਤਨ ਜਾਗਰਨ ਮੰਚ ਤੋਂ ਪਾਵਨ ਸ਼ਰਮਾ, ਕਥਾ ਵਾਚਕ ਭਰਤ ਤ੍ਰਿਵੇਦੀ ਜੀ, ਵਪਾਰ ਮੰਡਲ ਪ੍ਰਧਾਨ ਦਰਸ਼ਨ ਮਹਾਜਨ, ਬਾਬਾ ਨਰਿੰਦਰ ਜੀ, ਅਮਿਤ ਮਹਾਜਨ, ਰਵੀ ਮਹਾਜਨ, ਰਾਜੇਸ਼ ਅਗਰਵਾਲ, ਦਲਜੀਤ ਕੁਮਾਰ, ਗੁਰੂ ਨਾਭਾ ਦਾ ਸਭਾ ਤੋਂ ਯੁਧਵੀਰ, ਸਤਿੰਦਰ ਸਿੰਘ, ਨਵਰੂਪ ਸਿੰਘ, ਰਣਜੀਤ ਸਿੰਘ, ਬਲਾਕ ਸੰਮਤੀ ਮੈਂਬਰ ਸੁਖਮਿੰਦਰ ਸਿੰਘ, ਜੈਪਾਲ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਰਵੇਲ ਸਿੰਘ ਸਹਾਇਪੁਰੀ, ਮਨਜੀਤ ਸਿੰਘ ਸਹਾਇਪੁਰ, ਮੇਜਰ ਸਿੰਘ ਰੋੜਾਵਾਲੀ, ਪਰਮਿੰਦਰ ਸਿੰਘ, ਅਵਤਾਰ ਸਿੰਘ ਮੁਸਤਫਾਬਾਦ, ਅਜੀਤ ਸਿੰਘ, ਭੁਪਿੰਦਰ ਸਿੰਘ ਗੋਸਲ, ਠੇਕੇਦਾਰ ਗੁਰਮੁਖ ਸਿੰਘ, ਪ੍ਰਿੰਸੀਪਲ ਜਸਵੰਤ ਸਿੰਘ ਸੈਣੀ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ, ਬਰਿੰਦਰ ਸਿੰਘ ਪਵਿੱਤਰ ਪ੍ਰੀਤ ਸਿੰਘ ਭੱਲਾ, ਬੀਬੀ ਸੁਖਬੀਰ ਕੌਰ, ਪਰਮਜੀਤ ਕੌਰ, ਵਰਿੰਦਰ ਕੌਰ, ਰਾਜਵੰਤ ਕੌਰ ਨੇ ਵੱਡੇ ਜਥਿਆਂ ਸਮੇਤ ਹਾਜ਼ਰੀ ਭਰੀ।




# ਰਣਜੋਧ ਸਿੰਘ ਹਡਾਣਾ ਵੱਲੋਂ ਵਿਕਾਸ ਕਾਰਜਾਂ ਦੀ ਅਚਨਚੇਤ ਚੈਕਿੰਗ

**➢ਪਿੰਡ ਹਡਾਣਾ ਵਿਖੇ ਸੜਕ ਨਿਰਮਾਣ 'ਚ ਘਪਲਾ ਫੜਨ 'ਤੇ ਅਧਿਕਾਰੀਆਂ ਦੀ ਲਗਾਈ ਕਲਾਸ**

**➢ਰੇਤੇ ਦੀ ਥਾਂ ਮਿੱਟੀ ਦੀ ਵਰਤੋਂ ਦੇਖ ਕੇ ਭੜਕੇ ਹਡਾਣਾ, ਤਰੁੰਤ ਰਿਪੋਰਟ ਬਣਾਉਣ ਦੇ ਹੁਕਮ**

ਭੁਨਰਹੇੜੀ , 20 ਫ਼ਰਵਰੀ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਯਕੀਨੀ ਬਣਾਉਣ ਲਈ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਅੱਜ ਸਖ਼ਤ ਐਕਸ਼ਨ ਵਿੱਚ ਨਜ਼ਰ ਆਏ। ਹਡਾਣਾ ਵੱਲੋਂ ਅੱਜ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੱਲ ਰਹੇ ਕੰਮਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਜਦੋਂ ਉਹ ਪਿੰਡ ਹਡਾਣਾ ਵਿਖੇ ਬਣ ਰਹੀ ਸੜਕ ਦਾ ਜਾਇਜ਼ਾ ਲੈਣ ਪਹੁੰਚੇ, ਤਾਂ ਉੱਥੇ ਵਰਤੇ ਜਾ ਰਹੇ ਮਟੀਰੀਅਲ ਵਿੱਚ ਵੱਡੀਆਂ ਖਾਮੀਆਂ ਪਾਈਆਂ ਗਈਆਂ, ਜਿਸ 'ਤੇ ਉਨ੍ਹਾਂ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਦੀ ਜੰਮ ਕੇ ਕਲਾਸ ਲਗਾਈ। ਚੈਕਿੰਗ ਦੌਰਾਨ ਰਣਜੋਧ ਹਡਾਣਾ ਉਸ ਸਮੇਂ ਹੱਕੇ-ਬੱਕੇ ਰਹਿ ਗਏ ਜਦੋਂ ਉਨ੍ਹਾਂ ਨੇ ਦੇਖਿਆ ਕਿ ਸੜਕ ਦੇ ਨਿਰਮਾਣ ਵਿੱਚ ਨਿਯਮਾਂ ਅਨੁਸਾਰ ਰੇਤੇ ਦੀ ਵਰਤੋਂ ਕਰਨ ਦੀ ਬਜਾਏ ਸ਼ਰੇਆਮ ਮਿੱਟੀ ਪਾਈ ਜਾ ਰਹੀ ਸੀ। ਘਟੀਆ ਦਰਜੇ ਦੇ ਮਟੀਰੀਅਲ ਦੀ ਵਰਤੋਂ ਹੁੰਦੀ ਦੇਖ ਹਡਾਣਾ ਅਧਿਕਾਰੀਆਂ 'ਤੇ ਬੇਹੱਦ ਗਰਮ ਹੋਏ। ਉਨ੍ਹਾਂ ਮੌਕੇ 'ਤੇ ਹੀ ਕੰਮ ਰੁਕਵਾ ਦਿੱਤਾ ਅਤੇ ਅਧਿਕਾਰੀਆਂ ਨੂੰ ਫਿਟਕਾਰ ਪਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵਿੱਚ ਭ੍ਰਿਸ਼ਟਾਚਾਰ ਅਤੇ ਲਾਪਰਵਾਹੀ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਨਾਮ 'ਤੇ ਜਨਤਾ ਦੇ ਖ਼ੂਨ-ਪਸੀਨੇ ਦੀ ਕਮਾਈ ਨੂੰ ਮਿੱਟੀ ਵਿੱਚ ਮਿਲਣ ਨਹੀਂ ਦਿੱਤਾ ਜਾਵੇਗਾ। ਇਸ ਗੰਭੀਰ ਮਾਮਲੇ ਨੂੰ ਦੇਖਦਿਆਂ ਹਡਾਣਾ ਨੇ ਤੁਰੰਤ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਹੰਗਾਮੀ ਮੀਟਿੰਗ ਸੱਦ ਲਈ। ਉਨ੍ਹਾਂ ਨੇ ਸਖ਼ਤ ਲਹਿਜ਼ੇ ਵਿੱਚ ਹੁਕਮ ਜਾਰੀ ਕੀਤੇ ਕਿ ਇਸ ਪੂਰੇ ਘਪਲੇ ਦੀ ਤਰੁੰਤ ਵਿਸਤ੍ਰਿਤ ਰਿਪੋਰਟ ਤਿਆਰ ਕਰਕੇ ਉਨ੍ਹਾਂ ਦੇ ਮੇਜ਼ 'ਤੇ ਰੱਖੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਵੀ ਠੇਕੇਦਾਰ ਜਾਂ ਅਧਿਕਾਰੀ ਨੇ ਇਸ ਕੰਮ ਵਿੱਚ ਮਿਲੀਭੁਗਤ ਕੀਤੀ ਹੈ, ਉਸ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਵਾਉਣ ਸਮੇਤ ਸਖ਼ਤ ਤੋਂ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਮਕਸਦ ਸਿਰਫ਼ ਪੱਥਰ ਲਗਾਉਣਾ ਨਹੀਂ, ਸਗੋਂ ਪਾਏਦਾਰ ਵਿਕਾਸ ਕਰਨਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਹਲਕੇ ਦੇ ਕਿਸੇ ਵੀ ਪਿੰਡ ਵਿੱਚ ਜੇਕਰ ਕੋਈ ਠੇਕੇਦਾਰ ਘਟੀਆ ਮਟੀਰੀਅਲ ਵਰਤਦਾ ਪਾਇਆ ਗਿਆ, ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਵਿੱਚ ਹੋ ਰਹੇ ਕੰਮਾਂ 'ਤੇ ਖ਼ੁਦ ਨਜ਼ਰ ਰੱਖਣ ਅਤੇ ਜੇਕਰ ਕਿਤੇ ਵੀ ਕੋਈ ਗੜਬੜ ਦਿਖਦੀ ਹੈ, ਤਾਂ ਤੁਰੰਤ ਉਨ੍ਹਾਂ ਦੇ ਦਫ਼ਤਰ ਨੂੰ ਸੂਚਿਤ ਕਰਨ। ਰਣਜੋਧ ਹਡਾਣਾ ਵੱਲੋਂ ਕੀਤੀ ਗਈ ਇਸ ਸਖ਼ਤ ਕਾਰਵਾਈ ਦੀ ਪੂਰੇ ਇਲਾਕੇ ਵਿੱਚ ਚਰਚਾ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਪਹਿਲੀ ਵਾਰ ਕੋਈ ਆਗੂ ਆਪਣੇ ਹੀ ਪਿੰਡ ਵਿੱਚ ਹੋ ਰਹੇ ਗਲਤ ਕੰਮ ਵਿਰੁੱਧ ਇੰਨੀ ਸਖ਼ਤੀ ਨਾਲ ਖੜ੍ਹਾ ਹੋਇਆ ਹੈ। ਇਸ ਮੌਕੇ ਕਈ ਪਾਰਟੀ ਆਗੂ ਅਤੇ ਸਥਾਨਕ ਨਿਵਾਸੀ ਵੀ ਮੌਜੂਦ ਸਨ, ਜਿਨ੍ਹਾਂ ਨੇ ਹਡਾਣਾ ਦੇ ਇਸ ਨਿਰਪੱਖ ਫੈਸਲੇ ਦੀ ਸ਼ਲਾਘਾ ਕੀਤੀ।



*ਪਿੰਡ ਮਾੜੂ ਵਿਖੇ ਕਿਸਾਨੀ ਸਹੂਲਤਾਂ ਲਈ ਵੱਡਾ ਕਦਮ*

# ਰਣਜੋਧ ਸਿੰਘ ਹਡਾਣਾ ਅਤੇ ਗੁਰਲਾਲ ਘਨੌਰ ਨੇ ਨਵੇਂ ਫੜ੍ਹ ਤੇ ਸ਼ੈੱਡ ਦਾ ਨੀਂਹ ਪੱਥਰ ਰੱਖਿਆ



ਦੇਵੀਗੜ੍ਹ , 20 ਫ਼ਰਵਰੀ (ਗੁਰਜੀਤ ਸਿੰਘ ਢੌਟ) : ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਿਸਾਨੀ ਅਤੇ ਮੰਡੀਕਰਨ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਅੱਜ ਹਲਕਾ ਸਨੌਰ ਦੇ ਪਿੰਡ ਮਾੜੂ ਵਿਖੇ ਨਵੇਂ ਫੜ੍ਹ ਅਤੇ ਸ਼ੈੱਡ ਦੀ ਉਸਾਰੀ ਦੇ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ। ਦੱਸਣਯੋਗ ਹੈ ਕਿ ਇਹ ਨੀਂਹ ਪੱਥਰ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਅਤੇ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਸਾਂਝੇ ਤੌਰ ਤੇ ਰੱਖਿਆ ਗਿਆ। ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਕਿਸਾਨਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪਿੰਡ ਮਾੜੂ ਦੀ ਮੰਡੀ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਸਾਂਭ-ਸੰਭਾਲ ਅਤੇ ਬਰਸਾਤ ਦੇ ਦਿਨਾਂ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿਚੇਅਰਮੈਨ ਹਰਚੰਦ ਸਿੰਘ ਬਰਸਟ ਦੇ ਉੱਦਮ ਸਦਕਾ ਹੁਣ ਇੱਥੇ ਆਧੁਨਿਕ ਸ਼ੈੱਡ ਅਤੇ ਨਵਾਂ ਫੜ੍ਹ ਤਿਆਰ ਕੀਤਾ ਜਾ ਰਿਹਾ ਹੈ। ਵਿਧਾਇਕ ਗੁਰਲਾਲ ਘਨੌਰ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀ ਬੋਰਡ ਵੱਲੋਂ ਪੇਂਡੂ ਖੇਤਰਾਂ ਦੀਆਂ ਮੰਡੀਆਂ ਅਤੇ ਲਿੰਕ ਸੜਕਾਂ ਦੀ ਦਸ਼ਾ ਸੁਧਾਰਨ ਲਈ ਵੱਡੇ ਫੰਡ ਜਾਰੀ ਕੀਤੇ ਗਏ ਹਨ। ਗੁਰਲਾਲ ਘਨੌਰ ਨੇ ਹਡਾਣਾ ਦੀ ਮਿਹਨਤ ਦੀ ਸ਼ਲਾਘਾ ਕੀਤੀ। ਇਸ ਮੌਕੇ ਮਾਰਕੀਟ ਕਮੇਟੀ ਦੇ ਅਹੁਦੇਦਾਰ, ਪਿੰਡ ਦੀ ਪੰਚਾਇਤ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਰਕਰ ਵੀ ਮੌਜੂਦ ਸਨ।

# ਲੋਹੇ ਦੀ ਰਾਡ ਨਾਲ ਕੀਤੇ ਵਾਰ, ਬਜ਼ੁਰਗ ਔਰਤ ਦੀ ਮੌਤ

ਪਟਿਆਲਾ, 20 ਫਰਵਰੀ (ਵਿਨੋਦ ਸ਼ਰਮਾ) : ਲੋਹੇ ਦੀ ਰਾਡ ਨਾਲ ਵਾਰ ਕਰਨ ਅਤੇ ਢਿੱਡ ਵਿੱਚ ਲੱਤਾ ਮਾਰਨ ਸਬੰਧੀ ਥਾਣਾ ਤ੍ਰਿਪੜੀ ਪੁਲਿਸ ਕੋਲ ਕੁਲਵਿੰਦਰ ਕੌਰ ਪਤਨੀ ਹਰਦੀਪ ਸਿੰਘ ਵਾਸੀ ਸੁਖਦੇਵ ਨਗਰ ਪਟਿਆਲਾ ਹਾਲ ਵਾਸੀ ਪੁੱਤਰੀ ਰਾਮ ਸਿੰਘ ਵਾਸੀ ਪਿੰਡ ਰੋਂਗਲਾ ਨੇ ਕਥਿਤ ਦੋਸ਼ੀਆਂ ਗੁਰਵਿੰਦਰ ਸਿੰਘ, ਜਸਵੰਤ ਸਿੰਘ ਵਾਸੀ ਪਿੰਡ ਰੋਂਗਲਾ ਅਤੇ ਇੱਕ ਹੋਰ ਵਿਅਕਤੀ ਵਿਅਕਤੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਪਤੀ ਦੀ ਮੌਤ ਤੋ ਬਾਅਦ ਉਹ ਆਪਣੇ ਪੇਕੇ ਘਰ ਪਿੰਡ ਰੋਂਗਲਾ ਵਿਖੇ ਰਹਿ ਰਹੀ ਹੈ। ਉਹ ਆਪਣੀ ਮਾਤਾ ਬਲਜੀਤ ਕੌਰ ਨਾਲ ਗੋਹਾ ਪੱਥਣ ਲਈ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਰੋਂਗਲਾ ਸਾਹਮਣੇ ਗਈ ਸੀ ਤਾਂ ਕਥਿਤ ਦੋਸ਼ੀ ਕਾਰ ਪਰ ਸਵਾਰ ਹੋ ਕੇ ਆਏ ਅਤੇ ਕਾਰ ਵਿੱਚੋ ਉਤਰ ਕੇ ਗੁਰਵਿੰਦਰ ਸਿੰਘ ਨੇ ਮਾਰ ਦੇਣ ਦੀ ਨਿਯਤ ਨਾਲ ਉਸ ਦੀ ਮਾਤਾ ਬਲਜੀਤ ਕੌਰ ਦੇ ਸਿਰ ਪਰ ਲੋਹੇ ਦੀ ਰਾਡ ਨਾਲ ਵਾਰ ਕੀਤਾ ਅਤੇ ਉਸ ਦੀ ਮਾਤਾ ਨੇ ਹੱਥ ਅੱਗੇ ਕਰ ਲਿਆ ਤਾਂ ਕਥਿਤ ਦੋਸ਼ੀ ਨੇ ਕਈ ਵਾਰ ਕੀਤੇ, ਜਿਸ ਕਾਰਨ ਬਲਜੀਤ ਕੌਰ ਧਰਤੀ ਪਰ ਡਿੱਗ ਪਈ ਅਤੇ ਕਥਿਤ ਦੋਸ਼ੀ ਜਸਵੰਤ ਸਿੰਘ ਨੇ ਵੀ ਆਪਣੇ ਹੱਥ ਵਿੱਚ ਫੜੀ ਲੋਹੇ ਦੀ ਰਾਡ ਨਾਲ ਕਈ ਵਾਰ ਕੀਤੇ ਅਤੇ ਅਣਪਛਾਤੇ ਵਿਅਕਤੀ ਨੇ ਵੀ ਉਸ ਦੀ ਮਾਤਾ ਦੇ ਢਿੱਡ ਵਿੱਚ ਲੱਤਾਂ ਮਾਰੀਆਂ, ਜੋ ਉਸ ਵੱਲੋਂ ਰੌਲਾ ਪਾਉਣ ਪਰ ਰਾਹਗੀਰਾਂ ਦਾ ਇਕੱਠ ਦੇਖ ਕੇ ਕਥਿਤ ਦੋਸ਼ੀ ਹਥਿਆਰਾਂ ਸਮੇਤ ਮੌਕੋਂ ਤੋਂ ਫਰਾਰ ਹੋ ਗਏ, ਜੋ ਦੌਰਾਨੇ ਇਲਾਜ ਉਸ ਦੀ ਮਾਤਾ ਦੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਮੌਤ ਹੋ ਗਈ। ਵਜਾ ਰੰਜਸ਼ ਇਹ ਹੈ ਕਿ ਵੋਟਾਂ ਦੌਰਾਨ ਗੋਲੀ ਚੱਲਣ ਕਾਰਨ ਮੁਕੱਦਮਾ ਵਿੱਚ ਨਾਮ ਪੈਣ ਦਾ ਡਰਾਵਾ ਦੇ ਕੇ ਕਥਿਤ ਦੋਸ਼ੀ ਗੁਰਵਿੰਦਰ ਸਿੰਘ, ਉਸ ਕੋਲੋਂ ਪੈਸਿਆਂ ਦੀ ਮੰਗ ਕਰਦਾ ਸੀ ਤੇ ਉਸ ਵੱਲੋਂ ਨਾ ਦੇਣ ਕਾਰਨ ਅਤੇ ਉਸਦੀ ਮਾਤਾ ਵੱਲੋਂ ਕਥਿਤ ਦੋਸ਼ੀ ਨਾਲ ਬਹਿਸਬਾਜ਼ੀ-ਗਾਲੀ ਗਲੋਚ ਹੋਣ ਕਾਰਨ ਕਥਿਤ ਦੋਸ਼ੀਆਂ ਨੇ ਰਲ਼ਕੇ ਉਸ ਦੀ ਮਾਤਾ ਦਾ ਕਤਲ ਕਰ ਦਿੱਤਾ।

# ਖ਼ਾਲਸਾ ਕਾਲਜ ਵਿਖੇ 'ਏ.ਆਈ. ਟੂਲਜ਼ ਫਾਰ ਸਮਾਰਟ ਟੀਚਿੰਗ' ਵਿਸ਼ੇ 'ਤੇ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਗਾਜ਼



ਪਟਿਆਲਾ, 20 ਫਰਵਰੀ (ਰੁਪਾਣਾ) : ਖਾਲਸਾ ਕਾਲਜ ਪਟਿਆਲਾ ਵਿਖੇ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। 'ਏਆਈ ਟੂਲਜ਼ ਫਾਰ ਸਮਾਰਟ ਟੀਚਿੰਗ: ਟਰਾਂਸਫਾਰਮਿੰਗ ਹਾਇਰ ਐਜੂਕੇਸ਼ਨ ਕਲਾਸਰੂਮਜ਼' ਵਿਸ਼ੇ 'ਤੇ ਆਧਾਰਿਤ ਇਹ ਪ੍ਰੋਗਰਾਮ ਕਾਲਜ ਦੇ 'ਏਆਈ ਸੈਂਟਰ ਆਫ ਐਕਸੀਲੈਂਸ' ਵੱਲੋਂ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਲੀਕਿਆ ਗਿਆ ਹੈ। ਵਰਣਨਯੋਗ ਹੈ ਕਿ ਇਹ ਸਮੁੱਚਾ ਪ੍ਰੋਗਰਾਮ ਏਆਈ ਸੈਂਟਰ ਦੀ ਕਨਵੀਨਰ ਡਾ. ਇੰਦਰਬੀਰ ਕੌਰ ਦੀ ਸਰਪਰਸਤੀ ਹੇਠ ਚੱਲ ਰਿਹਾ ਹੈ। ਇਹ ਪ੍ਰੋਗਰਾਮ 'ਏਆਈ ਇਮਪੈਕਟ ਸਮਿਟ 2026' ਦੇ ਇੱਕ ਅਹਿਮ ਹਿੱਸੇ ਵਜੋਂ 19 ਫਰਵਰੀ ਤੋਂ 26 ਫਰਵਰੀ 2026 ਤੱਕ ਚੱਲੇਗਾ। ਸਮਾਗਮ ਦੀ ਸ਼ੁਰੂਆਤ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਉਦਘਾਟਨੀ ਭਾਸ਼ਣ ਦਿੱਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਅਜੋਕੇ ਸਮੇਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਧਿਆਪਨ ਦੇ ਪੁਰਾਣੇ ਤਰੀਕਿਆਂ ਨੂੰ ਆਧੁਨਿਕ ਤਕਨੀਕ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਅਧਿਆਪਕਾਂ ਨੂੰ ਉਨ੍ਹਾਂ ਨਵੇਂ ਸਾਧਨਾਂ ਨਾਲ ਜਾਣੂ ਕਰਵਾਇਆ ਜਾਵੇਗਾ ਜੋ ਨਾ ਸਿਰਫ਼ ਪੜ੍ਹਾਉਣ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣਗੇ, ਸਗੋਂ ਵਿਦਿਆਰਥੀਆਂ ਲਈ ਸਿੱਖਣ ਦੇ ਤਜ਼ਰਬੇ ਨੂੰ ਵੀ ਵਧੇਰੇ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਣਗੇ। ਇਸ ਸੱਤ ਰੋਜ਼ਾ ਵਰਕਸ਼ਾਪ ਦੌਰਾਨ ਤਕਨੀਕੀ ਮਾਹਿਰ ਵਜੋਂ ਪ੍ਰੋ. ਗੁਰਪਾਲ ਸਿੰਘ ਅਤੇ ਪ੍ਰੋ. ਲਾਲ ਸਿੰਘ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇਹ ਮਾਹਿਰ ਹਾਜ਼ਰ ਫੈਕਲਟੀ ਮੈਂਬਰਾਂ ਨੂੰ ਏਆਈ ਟੂਲਜ਼ ਦੀ ਵਰਤੋਂ ਬਾਰੇ ਵਿਹਾਰਕ ਸਿਖਲਾਈ ਪ੍ਰਦਾਨ ਕਰਨਗੇ। ਪ੍ਰੋਗਰਾਮ ਦੇ ਮੁੱਖ ਆਕਰਸ਼ਣਾਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਏਆਈ ਦੀ ਜਾਣ-ਪਛਾਣ, ਵੱਖ-ਵੱਖ ਏਆਈ ਸਾਧਨਾਂ 'ਤੇ ਹੱਥੀਂ ਸਿਖਲਾਈ ਅਤੇ ਏਆਈ ਦੀ ਮਦਦ ਨਾਲ ਅਧਿਆਪਨ ਤੇ ਸਿੱਖਣ ਦੀ ਪ੍ਰਕਿਰਿਆ ਨੂੰ ਬਿਹਤਰ ਬਣਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਪ੍ਰੋਗਰਾਮ ਵਿੱਚ ਇਸ ਗੱਲ 'ਤੇ ਵੀ ਵਿਸ਼ੇਸ਼ ਚਰਚਾ ਕੀਤੀ ਜਾਵੇਗੀ ਕਿ ਕਿਵੇਂ ਏਆਈ-ਆਧਾਰਿਤ ਮੁਲਾਂਕਣ ਤਕਨੀਕਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਅਤੇ ਤੇਜ਼ੀ ਨਾਲ ਮਾਪਿਆ ਜਾ ਸਕਦਾ ਹੈ। ਪ੍ਰੋਗਰਾਮ ਦੇ ਪਹਿਲੇ ਦਿਨ ਅੱਜ ਪ੍ਰੋ. ਗੁਰਪਾਲ ਸਿੰਘ ਵੱਲੋਂ ਏਆਈ ਟੂਲਜ ਨਾਲ ਜਾਣ ਪਹਿਚਾਣ ਕਰਵਾਈ ਗਈ ਅਤੇ ਵੱਖ-ਵੱਖ ਏਆਈ ਚੈਟ ਬੋਟ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

# ਮੁਕਤ ਵਪਾਰ ਸਮਝੌਤਾ ਕਿਸਾਨੀ ਨੂੰ ਤਬਾਹ ਕਰਕੇ ਰੱਖ ਦੇਵੇਗਾ: ਕਿਸਾਨ ਯੂਨੀਅਨ ਰਾਜੇਵਾਲ



ਨਾਭਾ, 20 ਫਰਵਰੀ (ਬਲਜਿੰਦਰ ਮਾਨ) : ਭਾਰਤ -ਅਮਰੀਕਾ ਵਿਚਕਾਰ ਮੁਕਤ ਵਪਾਰ ਸਮਝੌਤਾ ਭਾਰਤ ਦੇ ਕਿਸਾਨਾਂ ਨੂੰ ਤਬਾਹ ਕਰਕੇ ਰੱਖ ਦੇਵੇਗਾ ਅਮਰੀਕਾ ਦੇ ਕਿਸਾਨ ਕੋਲ ਭਾਰਤ ਦੇ ਕਿਸਾਨ ਦੇ ਮੁਕਾਬਲੇ ਜ਼ਮੀਨ ਦੀ ਮਾਲਕੀ ਹਜ਼ਾਰਾਂ ਗੁਣਾ ਵੱਧ ਹੈ ਅਤੇ ਅਮਰੀਕਾ ਵੱਲੋਂ ਉਥੋਂ ਦੇ ਕਿਸਾਨ ਨੂੰ ਬਹੁਤ ਜ਼ਿਆਦਾ ਸਬਸਿਡੀ ਦਿੱਤੀ ਜਾਂਦੀ ਹੈ, ਜਦਕਿ ਇੱਥੋਂ ਦੇ ਕਿਸਾਨ ਦੇ ਫਸਲ 'ਤੇ ਹੋਣ ਵਾਲੇ ਖਰਚੇ ਵੀ ਪੂਰੇ ਨਹੀਂ ਹੁੰਦੇ। ਇਸੇ ਕਰਕੇ ਕਿਸਾਨ ਕਰਜ਼ਾਈ ਹੋ ਰਿਹਾ ਹੈ, ਜਿਸ ਤਰ੍ਹਾਂ ਕੇਂਦਰ ਦੀ ਮੋਦੀ ਸਰਕਾਰ ਟਰੰਪ ਦੇ ਰਵੱਈਏ ਅੱਗੇ ਗੋਡਿਆਂ ਪਰਨੇ ਹੋਈ ਪਈ ਹੈ ਇਹ ਕਿਸਾਨੀ ਦੇ ਨਾਲ ਨਾਲ ਪੋਲਟਰੀ ਅਤੇ ਡੇਅਰੀ ਵਰਗੇ ਸਹਾਇਕ ਧੰਦਿਆਂ ਦਾ ਵੀ ਦਿਵਾਲਾ ਕੱਢ ਕੇ ਰੱਖ ਦੇਵੇਗੀ। ਇਹ ਪਹਿਲਾਂ ਹੀ ਖੁਦਕੁਸ਼ੀਆਂ ਦੇ ਰਾਹ ਪਈ ਕਿਸਾਨੀ ਲਈ ਹੋਰ ਵੀ ਮਾਰੂ ਸਾਬਤ ਹੋਵੇਗੀ। ਇਹ ਵਿਚਾਰ ਬਲਾਕ ਨਾਭਾ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਹਰਦੀਪ ਸਿੰਘ ਘਨੁੜਕੀ ਨੇ ਰੱਖੇ। ਇਹ ਮੀਟਿੰਗ ਬਲਾਕ ਦੇ ਪ੍ਰਧਾਨ ਅੱਛਰ ਸਿੰਘ ਭੋਜੋ ਮਾਜਰੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਭਗਤ ਧੰਨਾ ਜੀ ਨਵੀਂ ਅਨਾਜ ਮੰਡੀ ਨਾਭਾ ਵਿੱਚ ਹੋਈ। ਅੱਛਰ ਸਿੰਘ ਨੇ ਦੱਸਿਆ ਕਿ 22 ਫਰਵਰੀ ਨੂੰ ਭਾਜਪਾ ਆਗੂ ਮਹਾਂਰਾਣੀ ਪ੍ਰਨੀਤ ਕੌਰ ਦੇ ਘਰ ਅੱਗੇ ਵੱਡੀ ਗਿਣਤੀ ਵਿੱਚ ਨਾਭੇ ਤੋਂ ਵਰਕਰ ਪਹੁੰਚਣਗੇ। ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸੂਬਾ ਸਕੱਤਰ ਘੁੰਮਣ ਸਿੰਘ ਰਾਜਗੜ੍ਹ, ਸੀਨੀਅਰ ਆਗੂ ਅਵਤਾਰ ਸਿੰਘ ਕੈਦੂਪੁਰ, ਲਾਭ ਸਿੰਘ ਦਿੱਤੂਪੁਰ, ਜਰਨੈਲ ਸਿੰਘ ਗੁਣੀ ਕੇ, ਭੁਪਿੰਦਰ ਸਿੰਘ ਤੁੰਗਾਂ ਅਤੇ ਗੁਰਮੇਲ ਸਿੰਘ ਪੂਨੀਵਾਲ ਦੇ ਨਾਮ ਜ਼ਿਕਰਯੋਗ ਹਨ ਇਸ ਮੀਟਿੰਗ ਵਿੱਚ ਇੱਕ ਮਤੇ ਰਾਹੀਂ ਪਰਵਿੰਦਰ ਸਿੰਘ ਬਨੇਰਾ ਖੁਰਦ ਨੂੰ ਬਲਾਕ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਪਰਵਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਸੌਂਪੀ ਗਈ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ। ਮੀਟਿੰਗ ਦੇ ਵਿੱਚ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

# ਮਾਤਾ ਗੁਜਰੀ ਸਕੂਲ ਦੇਵੀਗੜ੍ਹ ਵਿਖੇ 'ਨੋ ਫਾਇਰ ਕੂਕਿੰਗ ਮੁਕਾਬਲੇ' ਕਰਵਾਏ




ਦੇਵੀਗੜ੍ਹ, 20 ਫਰਵਰੀ (ਗੁਰਜੀਤ ਸਿੰਘ ਢੌਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਨੋ ਫਾਇਰ ਕੁਕਿੰਗ ਮੁਕਾਬਲਾ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਆਤਮ ਵਿਸ਼ਵਾਸ ਅਤੇ ਸਿਹਤਮੰਦ ਭੋਜਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਮੁਕਾਬਲੇ ਦੌਰਾਨ ਨੰਨੇ ਵਿਦਿਆਰਥੀਆਂ ਨੇ ਬਿਨਾਂ ਅੱਗ ਦੀ ਵਰਤੋਂ ਕੀਤੇ ਸਲਾਦ, ਸੈਂਡਵਿਚ, ਫਰੂਟ ਕ੍ਰੀਮ, ਚਟਪਟੀ ਭੇਲਪੂਰੀ ਆਦਿ ਕਈ ਸੁਆਦੀ ਅਤੇ ਪੌਸ਼ਟਿਕ ਪਕਵਾਨ ਤਿਆਰ ਕੀਤੇ। ਬੱਚਿਆਂ ਦੇ ਉਤਸ਼ਾਹ ਅਤੇ ਜੋਸ਼ ਨੇ ਸਮੂਹ ਮਾਹੌਲ ਨੂੰ ਰੰਗੀਨ ਅਤੇ ਪ੍ਰੇਰਨਾਦਾਇਕ ਬਣਾ ਦਿੱਤਾ। ਹਰ ਵਿਅੰਜਨ ਵਿਦਿਆਰਥੀਆਂ ਦੀ ਮਿਹਨਤ, ਕਲਪਨਾ ਸ਼ਕਤੀ ਅਤੇ ਸੁੰਦਰ ਪ੍ਰਸਤੁਤੀ ਦਾ ਪ੍ਰਤੀਕ ਸੀ। ਪਹਿਲੀ ਜਮਾਤ ਵਿੱਚ ਗੁਰਸਿਫਤ ਕੌਰ ਨੇ ਪਹਿਲਾ, ਗੁਰਸਹਿਜ ਕੌਰ ਨੇ ਦੂਜਾ ਅਤੇ ਬਾਣੀ ਨੇ ਤੀਜਾ ਸਥਾਨ ਹਾਸਲ ਕੀਤਾ। ਦੂਜੀ ਜਮਾਤ ਵਿੱਚ ਸਹਿਜਦੀਪ, ਰਹਿਮਤ ਜੋਤ ਅਤੇ ਸਹਿਜਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਏਕਮਵੀਰ ਸਿੰਘ, ਸਹਿਜਪ੍ਰੀਤ ਕੌਰ ਅਤੇ ਗੁਰਸਿਦਕ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਰਿਹਾਨਦੀਪ ਸਿੰਘ, ਗੁਰਫਤਿਹ ਗਿੱਲ ਅਤੇ ਅਵੀਨੂਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਤੀਜੀ ਜਮਾਤ ਵਿੱਚ ਕਿਮਰਨਜੋਤ ਨੇ ਪਹਿਲਾ, ਜਪਨੀਤ ਕੌਰ ਨੇ ਦੂਜਾ ਅਤੇ ਗੁਰਸ਼ੀਰਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਚੌਥੀ ਜਮਾਤ ਵਿੱਚ ਕਿੰਜਲ ਅਤੇ ਮਨਸੀਰਤ ਕੌਰ ਨੇ ਪਹਿਲਾ ਸਥਾਨ, ਸੀਰਤ ਅਤੇ ਕਵਲੀਨ ਕੌਰ ਨੇ ਦੂਜਾ ਸਥਾਨ, ਜਦਕਿ ਨਵਜੋਤ ਸਿੰਘ ਅਤੇ ਅੰਸ਼ਵੀਰ ਨੇ ਤੀਜਾ ਸਥਾਨ ਹਾਸਲ ਕੀਤਾ। ਪੰਜਵੀਂ ਜਮਾਤ ਵਿੱਚ ਇਸ਼ਮੀਤ ਕੌਰ ਅਤੇ ਜੀਵਿਕਾ ਸ਼ਰਮਾ ਨੇ ਪਹਿਲਾ ਸਥਾਨ, ਪ੍ਰਭਨੂਰ ਕੌਰ ਅਤੇ ਹਰਕੀਰਤ ਕੌਰ ਨੇ ਦੂਜਾ ਸਥਾਨ ਅਤੇ ਮਨਸੀਰਤ ਕੌਰ ਅਤੇ ਬਿਸਮਨਪ੍ਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਔਰਤ ਸ਼ਰਾਬ ਸਮੇਤ ਕਾਬੂ

ਸਮਾਣਾ, 20 ਫਰਵਰੀ (ਵਿਜੇ ਕੁਮਾਰ) : ਸਦਰ ਪੁਲਿਸ ਨੇ ਸ਼ਰਾਬ ਵੇਚਣ ਲਈ ਬੈਠੀ ਇੱਕ ਔਰਤ ਨੂੰ 15 ਬੋਤਲਾਂ ਸ਼ਰਾਬ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤ ਦੀ ਪਛਾਣ ਨਛੱਤਰ ਕੌਰ ਨਿਵਾਸੀ ਪਿੰਡ ਮਰੌੜੀ ਵਜੋਂ ਹੋਈ ਹੈ। ਸਦਰ ਪੁਲਸ ਇੰਚਾਰਜ ਇੰਸਪੈਕਟਰ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਸ ਦੇ ਏ.ਐੱਸ.ਆਈ. ਰਣਜੀਤ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਜੋੜਾਮਾਜਰਾ ਵਿਖੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਔਰਤ ਸ਼ਰਾਬ ਵੇਚਣ ਲਈ ਪਿੰਡ ਮਰਦਾਹੇੜੀ ਤੋਂ ਪਿੰਡ ਅਰਾਈਮਾਜਰਾ ਨੂੰ ਜਾਣ ਵਾਲੇ ਰਜਵਾਹੇ ਦੀ ਪਟੜੀ 'ਤੇ ਬੈਠੀ ਹੈ। ਪੁਲਸ ਪਾਰਟੀ ਨੇ ਛਾਪੇਮਾਰੀ ਦੌਰਾਨ ਔਰਤ ਕੋਲੋਂ 15 ਬੋਤਲਾਂ ਦੇਸੀ ਸ਼ਰਾਬ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਔਰਤ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

# ਨਗਰ ਕੌਂਸਲ ਸਨੌਰ ਦੀ ਹਦੂਦ ਅੰਦਰ ਨਾਜਾਇਜ਼ ਸ਼ੋਅਰੂਮ ਦੀ ਉਸਾਰੀ, ਪ੍ਰਸ਼ਾਸਨ ਚੁੱਪ



ਸਨੌਰ, 20 ਫਰਵਰੀ (ਪ੍ਰਥਮ ਕੁਮਾਰ) : ਨਗਰ ਕੌਂਸਲ ਸਨੌਰ ਦੀ ਹਦੂਦ ਅੰਦਰ ਨਾਜਾਇਜ਼ ਦਾ ਮਾਮਲਾ ਤਪਦਾ ਜਾ ਰਿਹਾ ਹੈ। ਤਾਜ਼ਾ ਖੁਲਾਸੇ ਅਨੁਸਾਰ ਸ਼ਹਿਰ ਵਿੱਚ ਚਾਰ ਦੁਕਾਨਾਂ ਅਤੇ ਇਕ ਵੱਡੇ ਸ਼ੋਅਰੂਮ ਦੀ ਉਸਾਰੀ ਬਿਨਾਂ ਲਾਜ਼ਮੀ ਮਨਜ਼ੂਰੀਆਂ ਅਤੇ ਨਕਸ਼ਾ ਪਾਸ ਕਰਵਾਏ ਕੀਤੀ ਗਈ ਹੈ। ਇਹ ਖੁਲਾਸਾ ਸਾਹਮਣੇ ਆਉਂਦੇ ਹੀ ਸਥਾਨਕ ਵਸਨੀਕਾਂ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ ਅਤੇ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਸੂਤਰਾਂ ਮੁਤਾਬਕ ਉਕਤ ਇਮਾਰਤਾਂ ਨਾ ਸਿਰਫ਼ ਨਿਯਮਾਂ ਦੀ ਉਲੰਘਣਾ ਕਰਕੇ ਬਣਾਈਆਂ ਗਈਆਂ ਹਨ, ਸਗੋਂ ਸੜਕ ਦੀ ਹੱਦ ਵਿੱਚ ਵੀ ਦਾਖ਼ਲ ਹੋਣ ਦੇ ਕਥਿਤ ਦੋਸ਼ ਹਨ। ਇਸ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਆਮ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨੀ ਵੱਡੀ ਉਸਾਰੀ ਲੰਮੇ ਸਮੇਂ ਤੱਕ ਚੱਲਦੀ ਰਹੀ ਪਰ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਆਮ ਨਾਗਰਿਕ ਆਪਣੇ ਘਰ ਵਿੱਚ ਛੋਟੀ ਜਿਹੀ ਤਬਦੀਲੀ ਕਰੇ ਤਾਂ ਤੁਰੰਤ ਨੋਟਿਸ ਜਾਰੀ ਕਰ ਦਿੱਤਾ ਜਾਂਦਾ ਹੈ, ਪਰ ਵੱਡੇ ਵਪਾਰਕ ਨਿਰਮਾਣਾਂ 'ਤੇ ਚੁੱਪੀ ਕਿਉਂ? ਲੋਕਾਂ ਨੇ ਦੋਸ਼ ਲਗਾਇਆ ਹੈ ਕਿ ਇਹ ਸਭ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਮਾਮਲਾ ਗੰਭੀਰ ਹੋਣ ਕਾਰਨ ਹੁਣ ਪ੍ਰਸ਼ਾਸਨ 'ਤੇ ਦਬਾਅ ਵੱਧ ਰਿਹਾ ਹੈ ਕਿ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਜੇਕਰ ਸਮੇਂ ਸਿਰ ਨਾਜਾਇਜ਼ ਉਸਾਰੀਆਂ ਨਾ ਰੋਕੀਆਂ ਗਈਆਂ ਤਾਂ ਸ਼ਹਿਰ ਦੀ ਯੋਜਨਾਬੱਧ ਵਿਕਾਸ ਪ੍ਰਣਾਲੀ ਪੂਰੀ ਤਰ੍ਹਾਂ ਡਗਮਗਾ ਸਕਦੀ ਹੈ। ਹੁਣ ਦੇਖਣਾ ਇਹ ਹੈ ਕਿ ਨਗਰ ਕੌਂਸਲ ਸਿਰਫ਼ ਕਾਗਜ਼ੀ ਕਾਰਵਾਈ ਤੱਕ ਸੀਮਿਤ ਰਹਿੰਦੀ ਹੈ ਜਾਂ ਵਾਸਤਵ ਵਿੱਚ ਬੁਲਡੋਜ਼ਰ ਚਲਾ ਕੇ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਂਦੀ ਹੈ। ਸ਼ਹਿਰ ਵਾਸੀਆਂ ਦੀ ਨਿਗਾਹ ਹੁਣ ਪ੍ਰਸ਼ਾਸਨ ਦੀ ਅਗਲੀ ਚਾਲ 'ਤੇ ਟਿਕੀ ਹੋਈ ਹੈ। ਨਗਰ ਕੌਂਸਲ ਸਨੌਰ ਅਫਸਰ ਲਖਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਖਿਆ ਕਿ ਜੇ ਨਗਰ ਕੌਂਸਲ ਸਨੌਰ ਦੀ ਹਦੂਦ 'ਚ ਗੈਰਕਾਨੂੰਨੀ ਕੰਮ ਕੀਤੇ ਜਾਣਗੇ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ ਇਹ ਕਹਿੰਦਿਆਂ ਓਹਨਾਂ ਆਖਿਆ ਕਿ ਇਸ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ। ਨਗਰ ਕੌਂਸਲ ਸਨੌਰ ਦੇ (ਜੇ.ਈ.) ਦਾ ਇਸ ਮਾਮਲੇ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਅੱਜ ਦੇ ਤਰੀਕ 'ਚ ਇਹ ਗੈਰਕਾਨੂੰਨੀ ਸ਼ੋਅਰੂਮ ਬਣ ਰਿਹਾ ਹੈ ਅਤੇ ਚਾਰ ਦੁਕਾਨਾਂ ਬਾਰੇ ਮੈਨੂੰ ਨਹੀਂ ਪਤਾ ਮੈਂ ਚੈਕ ਕਰਵਾਉਂਦਾ ਹਾਂ।

ੴ
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਵੇਗੀ ਕਿ ਸਿੱਖ ਪੰਥ ਦੇ ਮਹਾਨ ਕੀਰਤਨੀਏ ਦੇ ਉੱਦਮ ਸਦਕਾ ਪਟਿਆਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ ਵੱਲੋਂ **ਪਿਛਲੇ 8 ਸਾਲਾਂ ਤੋਂ ਗੁਰਮਤਿ ਸੰਗੀਤ** ਅਕੈਡਮੀ, ਗੁ. ਭਾਈ ਰਾਮ ਕਿਸ਼ਨ ਜੀ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸ਼ੁਰੂ ਕੀਤੀ ਹੋਈ ਹੈ। ਜਿੱਥੇ ਹੁਣ ਤੱਕ 250 ਦੇ ਕ੍ਰੀਬ ਗ਼ਰੀਬ, ਲੋੜਵੰਦ, ਸੂਰਮੇ, ਬੱਚੇ ਕੀਰਤਨ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ।

ਮੌਜੂਦਾ ਅਸਥਾਨ ਵਿਖੇ ਥਾਂ ਦੀ ਘਾਟ ਹੋਣ ਕਾਰਨ, **ਚੜ੍ਹਦੀਕਲਾ ਟਾਈਮ ਟੀ.ਵੀ., ਰੋਜ਼ਾਨਾ ਚੜ੍ਹਦੀਕਲਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਹਿਯੋਗ ਨਾਲ ਬਹਾਦਰਗੜ੍ਹ-ਰਾਏਪੁਰ ਰੋਡ ਉੱਤੇ ਪਿੰਡ ਭੱਠਲਾਂ ਵਿਖੇ** ਬੱਚਿਆਂ ਦੀ ਰਿਹਾਇਸ਼ ਤੇ ਅਕੈਡਮੀ ਲਈ ਬਣਨ ਵਾਲੀ ਨਵੀਂ ਇਮਾਰਤ ਦੀ ਉਸਾਰੀ ਦੀ ਖੁਸ਼ੀ ਵਿੱਚ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ **1 ਤੇ 2 ਮਾਰਚ, 2026 ਦਿਨ ਐਤਵਾਰ ਤੇ ਸੋਮਵਾਰ ਨੂੰ ਸਵੇਰੇ 10 ਤੋਂ 2 ਵਜੇ** ਮਹਾਨ ਗੁਰਮਤਿ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

**ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਜਸਕਰਨ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਛੱਤਰ ਸਿੰਘ ਜੀ** ਦੋਵੇਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਜੀ ਗੜਗੱਜ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ; ਸਿੰਘ ਸਾਹਿਬ ਗਿ. ਪ੍ਰਣਾਮ ਸਿੰਘ ਜੀ, ਸਿੰਘ ਸਾਹਿਬ ਗਿ. ਪ੍ਰਿਤਪਾਲ ਸਿੰਘ ਜੀ, ਹੈੱਡ ਗ੍ਰੰਥੀ, ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਸਿੰਘ ਸਾਹਿਬ ਗਿ. ਅਵਤਾਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਬਹਾਦਰਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਹਰਵਿੰਦਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਮੋਤੀ ਬਾਗ਼ ਸਾਹਿਬ ਉਚੇਚੇ ਤੌਰ 'ਤੇ ਪਹੁੰਚਣਗੇ।

ਹੋਲਾ ਮਹੱਲਾ ਨਗਰ ਕੀਰਤਨ

ਮਿਤੀ : 28 ਫਰਵਰੀ 2026 ਦਿਨ ਸ਼ਨੀਵਾਰ ਨੂੰ ਸਵੇਰੇ 10.00 ਵਜੇ

ਮਹਾਨ ਗੁਰਮਤਿ ਸਮਾਗਮ

ਮਿਤੀ : 1 ਤੇ 2 ਮਾਰਚ 2026 ਦਿਨ ਐਤਵਾਰ ਅਤੇ ਸੋਮਵਾਰ

ਇਤਿਹਾਸਕ ਗੁ. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਬਹਾਦਰਗੜ੍ਹ ਤੋਂ ਆਰੰਭ ਹੋਵੇਗਾ
ਜੋ ਮੇਨ ਬਜ਼ਾਰ, ਅਹਿਮਦਪੁਰ ਅਤੇ ਭੱਠਲਾਂ ਵਿਚੋਂ ਹੁੰਦਾ ਹੋਇਆ
ਗੁ. ਸਚਖੰਡ ਦਰਬਾਰ, ਸਚਖੰਡ ਐਨਕਲੇਵ, ਗਿਆਨ ਕਲੋਨੀ, ਪਿੰਡ ਭੱਠਲਾਂ ਵਿਖੇ ਸਮਾਪਤ ਹੋਵੇਗਾ।
ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਭਾਈ ਲਖਵਿੰਦਰ ਸਿੰਘ
ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ
(ਮੁੱਖ ਸੇਵਾਦਾਰ)

ਡਾ. ਜਗਜੀਤ ਸਿੰਘ ਦਰਦੀ
'ਪਦਮ ਸ਼੍ਰੀ' ਐਵਾਰਡੀ
ਚੇਅਰਮੈਨ, ਚੜ੍ਹਦੀਕਲਾ ਗਰੁੱਪ

ਭਾਈ ਜੋਗਿੰਦਰ ਸਿੰਘ ਜੀ
(ਅਕੈਡਮੀ ਇੰਚਾਰਜ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ

ਭਾਈ ਹਰਪਾਲ ਸਿੰਘ ਜੀ
ਭਾਈ ਰਮਨਦੀਪ ਸਿੰਘ ਜੀ
ਟਰੱਸਟੀ, ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਵਾਰ

ਸਮੂਹ ਵਿਦਿਆਰਥੀ,
ਗੁਰਮਤਿ ਸੰਗੀਤ ਅਕੈਡਮੀ

